



# ਮਹਿਕ-ਏ-ਵਤਨ
# Mehak E wattan
Monthly Newspaper





**Hardev Brar**
Chief Editor




• Vol-II • Issue- 8 • Phone : +64,274-427-338 +64 09 3900004 • mehakewattan@gmail.com • August 2024



**03** ਜੈਸ਼ੰਕਰ ਨੇ ਆਸਟ੍ਰੇਲੀਆਈ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ

**08** ਰੋਹਨ ਬੋਪੰਨਾ ਨੇ ਟੈਨਿਸ ਤੋਂ ਸੰਨਿਆਸ ਲੈਣ ਦਾ ਕੀਤਾ ਐਲਾਨ

**13** ਜਾਵੇਦ ਅਖ਼ਤਰ ਦਾ ਐਕਸ ਅਕਾਊਂਟ ਹੋਇਆ ਹੈਕ

**14** ਆਕਲੈਂਡ ਦੇ ਹਾਈਵੇਅ 'ਤੇ ਕਾਰ ਨੂੰ ਅਚਾਨਕ ਲੱਗੀ ਅੱਗ



# 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਨੇ ਸਰਬ ਸੰਮਤੀ ਨਾਲ ਬਣਾਈ ਨਵੀਂ ਕਮੇਟੀ



ਬੀਤੇ ਦਿਨ ਟੌਰੰਗਾ 'ਚ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਦੀ ਸਲਾਨਾ ਮੀਟਿੰਗ ਹੋਈ ਹੈ। ਇਸ ਦੌਰਾਨ ਮੌਜੂਦਾ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਹੈ। ਜਿਸ 'ਚ ਸਰਬ ਸੰਮਤੀ ਦੇ ਨਾਲ ਜਗਦੇਵ ਸਿੰਘ ਜੱਗੀ ਰਾਮੂਵਾਲੀਆਂ ਨੂੰ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਜਗਦੇਵ ਸਿੰਘ ਜੱਗੀ ਰਾਮੂਵਾਲੀਆਂ ਨਿਊਜ਼ੀਲੈਂਡ ਵੱਸਦੇ ਭਾਈਚਾਰੇ 'ਚ ਕਾਫ਼ੀ ਹਰਮਨ ਪਿਆਰੇ ਹਨ। ਉਨ੍ਹਾਂ ਅਕਸਰ ਹੀ ਭਾਈਚਾਰੇ ਦੀ ਭਲਾਈ ਦੇ ਕੰਮਾਂ 'ਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ। ਇਸੇ ਕਾਰਨ ਉਨ੍ਹਾਂ ਨੂੰ ਫੈਡਰੇਸ਼ਨਦੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਉੱਥੇ ਹੀ ਰਣਜੀਤ ਰਾਏ ਨੂੰ ਮੀਤ ਪ੍ਰਧਾਨ, ਤੀਰਥ ਸਿੰਘ ਅਟਵਾਲ ਨੂੰ ' ਜਨਰਲ ਸਕੱਤਰ, ਮੁਸਕਾਨ ਮਹੇਸ਼ ਨੂੰ ਮੀਤ ਸਕੱਤਰ, ਵਰਿੰਦਰ ਸਿੰਘ ਸਿੱਧੂ ਨੂੰ ਖਜ਼ਾਨਚੀ, ਮਨਦੀਪ ਸ਼ੇਰਗਿੱਲ ਨੂੰ ਮੀਤ ਖਜ਼ਾਨਚੀ, ਹਰਪ੍ਰੀਤ ਸਿੰਘ ਗਿੱਲ ਰਾਏਸਰ ਅਤੇ ਹੈਰੀ ਰਾਣਾ ਨੂੰ ਮੀਡੀਆ ਇੰਚਾਰਜ ਬਣਾਇਆ ਗਿਆ ਹੈ।

ਉੱਥੇ ਹੀ ਇਸ ਦੌਰਾਨ ਕੋਆਰਡੀਨੇਟਰ ਦੀ ਜ਼ਿੰਮੇਵਾਰੀ ਅਵਤਾਰ ਸਿੰਘ ਤਾਰੀ ਨੂੰ ਸੌਂਪੀ ਗਈ ਹੈ, ਜਦਕਿ ਚੇਅਰਪਰਸਨ ਦੀ ਜ਼ਿੰਮੇਵਾਰੀ ਕਾਲਾ ਪਾਪਾਮੋਆ ਨੂੰ ਸੌਂਪੀ ਗਈ। ਇਸ ਚੋਣ ਦੌਰਾਨ ਕਬੱਡੀ ਫੈਡਰੇਸ਼ਨ ਦੇ ਮੈਂਬਰਾਂ 'ਚ ਸ਼ਾਮਿਲ ਤਲਵਿੰਦਰ ਸੋਹਲ, ਸੁੱਖਾ ਗਿੱਲ,ਪ੍ਰਿਤਪਾਲ ਸਿੰਘ ਗਰੇਵਾਲ,ਗੁਰਜੀਤ ਭੱਠਲ, ਦਵਿੰਦਰ ਗਿੱਲ, ਗੁਰਨੇਕ ਬਰਾੜ, ਜਤਿੰਦਰ ਬਿੱਲਾ, ਲੱਖਾ ਵਡਾਲਾ ਫਾਟਕ,



ਬਿੱਲਾ ਮੂਸਾਪੁਰੀਆ,ਹੈਪੀ ਹੀਰਾ, ਦੀਪ ਮੁਠੱਡਾ, ਬੱਬੀ ਬਰਨਾਲਾ, ਅਮਨ ਗਰੇਵਾਲ, ਆਲਮ ਮਹੇਸ਼, ਅਮਨ ਗਿੱਲ, ਬੂਟਾ ਬਰਾੜ, ਜਸਵੀਰ ਸੋਹਲ, ਮਨਿੰਦਰਜੀਤ ਸਿੰਘ, ਸੁਖਜੰਟ ਸਿੰਘ, ਜਸਵਿੰਦਰ ਸੰਧੂ ਅਤੇ ਨਿਰਮਲ ਭੱਟੀ। ਕਬੱਡੀ ਫੈਡਰੇਸ਼ਨ ਦੇ ਨਾਲ ਸਬੰਧਿਤ ਕਲੱਬ ਮੈਂਬਰਾਂ ਦੇ ਪ੍ਰਤੀਨਿਧ ਵੀ ਮੀਟਿੰਗ 'ਚ ਸ਼ਾਮਿਲ ਹੋਏ। ਇਸ ਦੌਰਾਨ ਜਿੱਥੇ ਲੰਘੇ ਸਾਲਾਂ ਦੀ ਸਮੀਖਿਆ ਕੀਤੀ ਗਈ ਉੱਥੇ ਹੀ ਆਉਣ ਵਾਲੇ ਟੂਰਨਾਮੈਂਟਾਂ ਦੀ ਤਿਆਰੀ ਸਬੰਧੀ ਚਰਚਾ ਕੀਤੀ ਗਈ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਇਸ ਸਾਲ ਦਾ ਟੂਰਨਾਮੈਂਟ ਸੀਜ਼ਨ 5 ਅਕਤੂਬਰ ਤੋਂ ਕਰਵਾਇਆ ਜਾਵੇਗਾ ਜਿਸ ਦੀ ਨਵੰਬਰ ਦੇ ਅਖੀਰ ਤੱਕ ਨਿਊਜ਼ੀਲੈਂਡ ਸਿੱਖ ਖੇਡਾਂ 'ਤੇ ਜਾ ਕੇ ਸਮਾਪਤੀ ਹੋਵੇਗੀ।


Rubal Singh
Ray White


No. 1
RAY WHITE MANUKAU
2020-2021
Rubal Singh
021 333 350
rubal.singh@raywhite.com
www.rubalsingh.co.nz
Ray White Manukau | AT Realty Limited Licensed (REAA 2008)


## ਨਿਊਜ਼ੀਲੈਂਡ 'ਚ ਕੋਰੋਨਾ ਦੀ ਮਾਰ ਬਰਕਰਾਰ




ਨਿਊਜ਼ੀਲੈਂਡ 'ਚ ਪਿਛਲੇ ਇੱਕ ਹਫ਼ਤੇ ਦੌਰਾਨ ਐਤਵਾਰ ਤੱਕ ਕੋਵਿਡ -19 ਦੇ 1761 ਨਵੇਂ ਮਾਮਲੇ ਸਾਹਮਣੇ ਆਏ ਹਨ ਜਦਕਿ ਵਾਇਰਸ ਕਾਰਨ 16 ਲੋਕਾਂ ਨੇ ਆਪਣੀ ਜਾਨ ਗਵਾਈ ਹੈ। ਨਵੇਂ ਮਾਮਲਿਆਂ 'ਚੋਂ 1069 ਮੁੜ ਸੰਕਰਮਣ ਸਨ। ਹਸਪਤਾਲ ਵਿੱਚ 134 ਕੇਸ ਸਨ, ਜਿਨ੍ਹਾਂ ਵਿੱਚੋਂ ਕੋਈ ਵੀ ਇੰਟੈਂਸਿਵ ਕੇਅਰ ਵਿੱਚ ਨਹੀਂ ਸੀ। ਸਭ ਤੋਂ ਵੱਧ ਨਵੇਂ ਕੇਸ ਕੈਂਟਰਬਰੀ ਵਿੱਚ ਸਨ, ਇਸ ਤੋਂ ਬਾਅਦ ਵਾਈਟੇਮਾਟਾ, ਕਾਊਂਟੀਜ਼ ਮੈਨੂਕਾਊ ਅਤੇ ਵਾਈਕਾਟੋ ਹਨ। ਕੇਸਾਂ ਦੀ ਗਿਣਤੀ ਪਿਛਲੇ ਹਫ਼ਤੇ ਨਾਲੋਂ ਘੱਟ ਸੀ ਜਦੋਂ ਟੇ ਵੱਟੂ ਓਰਾ ਨੇ 2414 ਨਵੇਂ ਕੇਸ ਦਰਜ ਕੀਤੇ ਅਤੇ ਵਾਇਰਸ ਕਾਰਨ 22 ਮੌਤਾਂ ਹੋਈਆਂ ਸਨ।


**MPS Surgery Ltd**

**Services Provided:**
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz



BARFOOT & THOMPSON



Ready To Sell Your Home?

Get top dollar with my expert real estate services. Contact me now for a free appraisal!

Karan Singh
Residential Sales

M 020 425 2726 E karan.singh@barfoot.co.nz

GTB
Horticulture Ltd

*Our Commitment - Your Relief*



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

Pickup & Drop Off Available

Manpreet Singh Dhaliwal 021 147 1502
Manpreet Singh Batth 020 4057 2327
Email: gtb.horticulture@gmail.com

Chill Out
INDIAN RESTAURANT & BAR
*Takeaway Menu*
OPEN 7 DAYS
SUN-WED : 12PM - 9:30PM
THU-SAT : 12PM - 10:30PM

CHILL OUT SPECIAL
ANY FULL CHICKEN / VEG CURRY + RICE + NAAN
$15.99
TAKEAWAY ONLY

COMBO MEAL DEAL
ANY FULL CURRY + RICE + NAAN + DRINK CAN
$20.99
TAKEAWAY ONLY
(Including Lamb, Goat & Seafood)

Available on DOORDASH Uber Eats FOOD HUB Order Meal

09 845 6936
Shop 12, 945 A, New North Road,
Mt. Albert, Auckland - 1025
chilloutindianbar@gmail.com
www.chilloutindian.co.nz
www.chilloutindianrestaurandbar.co.nz

# ਜੈਸ਼ੰਕਰ ਨੇ ਆਸਟ੍ਰੇਲੀਆਈ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ

ਟੋਕੀਓ : ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸੋਮਵਾਰ ਨੂੰ ਟੋਕੀਓ ਵਿਚ ਆਪਣੇ ਆਸਟ੍ਰੇਲੀਆਈ ਹਮਰੁਤਬਾ ਪੇਨੀ ਵੋਂਗ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਨੇਤਾਵਾਂ ਨੇ ਸੁਰੱਖਿਆ, ਵਪਾਰ ਅਤੇ ਸਿੱਖਿਆ ਸਮੇਤ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਵਿਹਾਰਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਕਦਮਾਂ 'ਤੇ ਚਰਚਾ ਕੀਤੀ। ਜੈਸ਼ੰਕਰ ਅਤੇ ਵੋਂਗ ਕਵਾਡ (ਚਤੁਰਭੁਜ ਸੁਰੱਖਿਆ ਸੰਵਾਦ) ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਟੋਕੀਓ ਵਿੱਚ ਹਨ।

ਜੈਸ਼ੰਕਰ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ,''ਟੋਕੀਓ ਵਿਚ ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਪੇਨੀ ਵੋਂਗ ਨਾਲ ਮੁਲਾਕਾਤ ਨਾਲ ਦਿਨ ਦੀ ਸ਼ੁਰੂਆਤ ਹੋਈ। ਸੁਰੱਖਿਆ, ਵਪਾਰ ਤੇ ਸਿੱਖਿਆ ਸਮੇਤ ਵੱਖ-ਵੱਖ ਖੇਤਰਾਂ ਨੂੰ ਮਜ਼ਬੂਤ ਕਰਨ ਲਈ ਅਗਲੇ ਕਦਮਾਂ 'ਤੇ ਗੱਲ ਕੀਤੀ। ਨਾਲ ਹੀ ਹਿੰਦ ਪ੍ਰਸ਼ਾਂਤ ਖੇਤਰ ਵਿਚ ਸਾਡੇ ਵਿਹਾਰਿਕ ਸਹਿਯੋਗ ਨੂੰ ਡੂੰਘਾ ਕਰਨ 'ਤੇ ਵੀ ਚਰਚਾ ਕੀਤੀ। ਜਲਦ ਸ਼ੁਰੂ ਹੋਣ ਵਾਲੀ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਇਸ ਨੂੰ ਜਾਰੀ ਰੱਖਣ ਦੀ ਉਮੀਦ ਹੈ।

ਭਾਰਤ, ਜਾਪਾਨ, ਅਮਰੀਕਾ ਅਤੇ ਆਸਟ੍ਰੇਲੀਆ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਮਹੱਤਵਪੂਰਨ ਸਮੁੰਦਰੀ ਮਾਰਗਾਂ ਨੂੰ ਕਿਸੇ ਵੀ ਪ੍ਰਭਾਵ ਤੋਂ ਮੁਕਤ ਰੱਖਣ ਲਈ ਇੱਕ ਨਵੀਂ ਰਣਨੀਤੀ ਵਿਕਸਿਤ ਕਰਨ



ਲਈ ਨਵੰਬਰ 2017 ਵਿੱਚ 'ਕਵਾਡ' ਦੀ ਸਥਾਪਨਾ ਕੀਤੀ। ਜੈਸ਼ੰਕਰ ਨੇ ਐਤਵਾਰ ਨੂੰ ਆਪਣੇ ਅਮਰੀਕੀ ਹਮਰੁਤਬਾ ਐਂਟਨੀ ਬਲਿੰਕਨ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਿੰਨ ਹਫ਼ਤੇ ਪਹਿਲਾਂ ਰੂਸ ਦੇ ਦੌਰੇ ਕਾਰਨ ਭਾਰਤ-ਅਮਰੀਕਾ ਸਬੰਧਾਂ ਵਿੱਚ ਆਈ ਬੇਚੈਨੀ ਦੇ ਪਿਛੋਕੜ ਵਿੱਚ "ਵਿਆਪਕ" ਗੱਲਬਾਤ ਕੀਤੀ। ਉਨ੍ਹਾਂ ਨੇ ਟੋਕੀਓ ਦੇ ਐਡੋਗਾਵਾ ਵਿੱਚ ਫਰੀਡਮ ਪਲਾਜ਼ਾ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦਾ ਵੀ ਉਦਘਾਟਨ ਕੀਤਾ। ਜੈਸ਼ੰਕਰ ਕਵਾਡ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਲਈ ਲਾਓਸ ਤੋਂ ਦੋ ਦਿਨਾਂ ਦੌਰੇ 'ਤੇ ਐਤਵਾਰ ਨੂੰ ਜਾਪਾਨ ਪਹੁੰਚੇ।

# ਹਮਲੇ ਦੀ ਜਾਂਚ ਤਹਿਤ ਟਰੰਪ ਤੋਂ ਕਰੇਗੀ ਪੁੱਛਗਿੱਛ ਐੱਫ.ਬੀ.ਆਈ

ਵਾਸ਼ਿੰਗਟਨ - ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮਹੀਨੇ ਦੇ ਸ਼ੁਰੂ ਵਿਚ ਪੈਨਸਿਲਵੇਨੀਆ ਵਿਚ ਉਨ੍ਹਾਂ 'ਤੇ ਹੋਏ ਜਾਨਲੇਵਾ ਹਮਲੇ ਦੀ ਜਾਂਚ ਦੇ ਤਹਿਤ ਐਫਬੀਆਈ ਦੁਆਰਾ ਪੁੱਛਗਿੱਛ ਕਰਨ ਲਈ ਸਹਿਮਤ ਹੋ ਗਏ ਹਨ।

ਇਕ ਵਿਸ਼ੇਸ਼ ਏਜੰਟ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਤੋਂ ਪੁੱਛਗਿੱਛ ਅਪਰਾਧਿਕ ਜਾਂਚ ਦੌਰਾਨ ਪੀੜਤਾਂ ਨਾਲ ਗੱਲ ਕਰਨ ਲਈ ਐਫਬੀਆਈ ਦੇ ਮਿਆਰੀ ਪ੍ਰੋਟੋਕੋਲ ਦਾ ਹਿੱਸਾ ਹੈ। ਐਫਬੀਆਈ ਨੇ ਸ਼ੁੱਕਰਵਾਰ ਨੂੰ ਕਿਹਾ ਕਿ 13 ਜੁਲਾਈ ਨੂੰ ਬਟਲਰ, ਪੈਨਸਿਲਵੇਨੀਆ ਵਿੱਚ ਇੱਕ ਪ੍ਰਚਾਰ ਰੈਲੀ ਦੌਰਾਨ ਟਰੰਪ ਨੂੰ ਗੋਲੀ ਲੱਗੀ ਸੀ ਜਾਂ ਉਸ ਦਾ ਹਿੱਸਾ ਸੀ।

ਐਫਬੀਆਈ ਦੇ



ਪਿਟਸਬਰਗ ਫੀਲਡ ਆਫਿਸ ਦੇ ਇੰਚਾਰਜ ਸਪੈਸ਼ਲ ਏਜੰਟ ਕੇਵਿਨ ਰੋਜ਼ੇਕ ਨੇ ਕਿਹਾ, "ਅਸੀਂ ਉਨ੍ਹਾਂ ਦਾ ਨਜ਼ਰੀਆ ਜਾਣਨਾ ਚਾਹੁੰਦੇ ਹਾਂ ਜੋ ਉਨ੍ਹਾਂ ਨੇ ਦੇਖਿਆ ਹੈ। ਉਨ੍ਹਾਂ ਕਿਹਾ ਕਿ ਪੀੜਤ ਤੋਂ ਪੁੱਛਗਿੱਛ ਕਰਨਾ ਮਿਆਰੀ ਸੀ ਅਤੇ "ਅਸੀਂ ਕਿਸੇ ਹੋਰ ਸਥਿਤੀ ਵਿੱਚ ਕਿਸੇ ਹੋਰ ਪੀੜਤ ਨਾਲ ਕੀ ਕਰਨਾ ਸੀ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬੰਦੂਕਧਾਰੀ, ਥਾਮਸ ਮੈਥਿਊ ਕਰੂਕਸ ਨੇ ਗੋਲੀਬਾਰੀ ਤੋਂ ਪਹਿਲਾਂ ਸਮੂਹਿਕ ਹਮਲਿਆਂ ਅਤੇ ਵਿਸਫੋਟਕ ਉਪਕਰਣਾਂ ਦੀ ਖੋਜ ਕੀਤੀ ਸੀ।







MehakEwattan
Monthly Newspaper
•Issue-8 • August 2024
•mehakewattan@gmail.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

-------------------------

(ਪਿਛਲੇ ਅੰਕ ਤੋਂ ਅੱਗੇ)

### ਜੈ ਸਿੰਘ ਅਟਾਰੀ ਵਾਲੇ ਨੂੰ ਬਖ਼ਸ਼ਾਣਾ

ਅਕਾਲੀ ਫੂਲਾ ਸਿੰਘ ਅਜੇ ਰਹਿਰਾਸ ਦੇ ਦੀਵਾਨ ਵਿੱਚੋਂ ਉੱਠਕੇ ਆਪਣੇ ਤੰਬੂ ਵਿੱਚ ਪਹੁੰਚਿਆ ਹੀ ਸੀ ਕਿ ਸਰਦਾਰ ਜੈ ਸਿੰਘ ਅਟਾਰੀ ਵਾਲਾ ਅਕਾਲੀ ਜੀ ਦੇ ਡੇਰੇ ਆ ਵੜਿਆ ਤੇ ਆਪਣੀ ਕੀਤੀ 'ਤੇ ਪਛਤਾਉਂਦਾ ਹੋਇਆ ਬਹੁਤ ਮਿੰਨਤਵਰ ਹੋਇਆ ਕਿ ਜਿਸ ਤਰ੍ਹਾਂ ਹੋ ਸਕੇ ਮਹਾਰਾਜਾ ਸਾਹਿਬ ਤੋਂ ਮੇਰੀ ਜਾਨ-ਬਖ਼ਸ਼ੀ ਕਰਵਾ ਦਿਓ।[1] ਅਕਾਲੀ ਜੀ ਬਾਹੋਂ ਫੜ ਕੇ ਉਸੇ ਵਕਤ ਮਹਾਰਾਜਾ ਸਾਹਿਬ ਦੇ ਡੇਰੇ ਲੈ ਗਏ ਤੇ ਜਾ ਕੇ ਆਖਿਆ ਕਿ ਮਹਾਰਾਜਾ ਜੀ! ਮੈਂ ਆਪ ਤੋਂ ਕੁੱਝ ਮੰਗਣ ਆਇਆ ਹਾਂ, ਤੇ ਉਹ ਮੰਗ ਇਹ ਹੈ ਕਿ ਸਰਦਾਰ ਜੈ ਸਿੰਘ ਅਟਾਰੀ ਵਾਲਾ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਹੈ, ਆਪ ਉਸ ਦੀ ਭੁੱਲ ਨੂੰ ਭੁਲਾ ਕੇ ਇਸ ਦੀ ਜਾਨ ਬਖ਼ਸ਼ੀ ਦੇਵੋ। ਇਹ ਖਾਲਸੇ ਲਈ ਨਹੀਂ ਸੋਭਦਾ ਕਿ ਪੰਜਾਬ ਪਰ ਖਾਲਸੇ ਦਾ ਰਾਜ ਹੋਵੇ ਤੇ ਆਪਣੇ ਭਾਈ ਪਏ ਬਾਹਰ ਧੱਕੇ ਖਾਣ। ਮਹਾਰਾਜਾ ਸਾਹਿਬ ਨੇ ਅੱਗੋ ਕੀ ਕਹਿਣਾ ਸੀ, ਉਸੀ ਵਕਤ ਮੁਆਫ਼ੀ ਦੇ ਦਿੱਤੀ ਤੇ ਯੋਗ ਥਾਂ 'ਤੇ ਡੇਰਾ ਕਰਵਾਕੇ ਸਭ ਤਰ੍ਹਾਂ ਦਾ ਯੋਗ ਵਰਤਾਵਾ ਉਸ ਨਾਲ ਕੀਤਾ ਗਿਆ।



ਦੋ ਪਹਿਰ ਰਾਤ ਬੀਤੀ ਵੈਰੀ ਦੇ ਲਸ਼ਕਰ ਤੋਂ ਖ਼ਬਰ ਪਹੁੰਚੀ ਕਿ ਗ਼ਾਜ਼ੀਆਂ ਦੀ ਗਿਣਤੀ ਬੇਸ਼ੁਮਾਰ ਵੱਧ ਗਈ ਹੈ ਤੇ ਉਹ ਨੁਸ਼ਹਿਰੇ ਦੇ ਪਾਰ ਤਰੱਕੀ[2] ਪਹਾੜੀ ਤੇ ਉੱਪਰ ਆਪਣੇ ਮੋਰਚੇ ਜਮਾ ਰਹੇ ਹਨ। ਮਹਾਰਾਜਾ ਸਾਹਿਬ ਨੇ ਵੀ ਉਸੀ ਵਕਤ ਸਾਰੇ ਸਰਦਾਰਾਂ ਨੂੰ ਇੱਕਠਾ ਕੀਤਾ ਤੇ ਬਾਕੀ ਦੀ ਰਾਤ ਜੰਗ ਦੀਆਂ ਤਿਆਰੀਆਂ ਤੇ ਸੋਚਾਂ ਵਿਚ ਗੁਜ਼ਰੀ।

### ਗੁਰਮਤੇ ਦੀ ਪ੍ਰਵਿੱਤ੍ਰਤਾ ਨੂੰ ਅੱਟਲ ਰੱਖਣਾ

1 ਚੇਤਰ ਸੰਮਤ 1879 ਮੁਤਾਬਕ 14 ਮਾਰਚ ਸੰਨ 1822 ਨੂੰ ਅੰਮ੍ਰਿਤ ਵੇਲੇ ਪੁਰਾਤਨ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਤੇ ਸਾਰੇ ਜੱਥਿਆਂ ਦੇ ਜੱਥੇਦਾਰ ਦੀਵਾਨ ਵਿਖੇ ਹਾਜ਼ਰ ਹੋਏ। ਆਸਾ ਜੀ ਦੀ ਵਾਰ ਦੇ ਦੀਵਾਨ ਦੀ ਸਮਾਪਤੀ ਦੇ ਬਾਅਦ ਸਾਹਮਣੇ ਆਉਣ ਵਾਲੀ ਲੜਾਈ ਸੰਬੰਧੀ ਬਹੁਤ ਕੁੱਝ ਸੋਚ ਵਿਚਾਰ ਹੁੰਦੀ ਰਹੀ। ਛੇਕੜ ਸਰਬ ਸੰਮਤੀ ਨਾਲ ਇਹ 'ਗੁਰਮਤਾ' ਸੋਧਿਆ ਗਿਆ ਕਿ ਜੰਗ ਵਿਚ ਦੇਰੀ ਕਰਨ ਨਾਲ ਵੈਰੀਆਂ ਦਾ ਹੌਸਲਾ ਵੱਧ ਜਾਏਗਾ। ਦੂਜੇ ਜੇ ਕਦੀ ਮੁਹੰਮਦ ਖ਼ਾਨ, ਜੋ ਅੱਜ ਕੱਲ ਨੁਸ਼ੈਹਰੇ ਪਹੁੰਚਣ ਵਾਲਾ ਹੈ, ਖ਼ਾਲਸੇ ਦੀ ਚੜ੍ਹਾਈ ਤੋਂ ਪਹਿਲੇ ਗ਼ਾਜ਼ੀਆ ਨੂੰ ਜਾ ਮਿਲਿਆ ਤੇ ਪਹਾੜੀ ਉੱਤੇ ਮੋਰਚੇ ਮੱਲਕੇ ਤੋਪਾਂ ਬੀੜ ਦਿੱਤੀਆਂ ਤਾਂ ਖ਼ਾਲਸੇ ਦੇ ਨੁਕਸਾਨ ਦਾ ਵਧੇਰਾ ਡਰ ਹੈ, ਕਿਉਕਿ ਅਸਾਂ ਵੱਲ ਪੱਧਰ ਮੈਦਾਨ ਹੈ ਤੇ ਦੁਸ਼ਮਨ ਉੱਚੀ ਪਹਾੜੀ ਪਰ ਹੋ ਜਾਵੇਗਾ। ਇਸ ਗੁਰਮਤੇ ਅਨੁਸਾਰ ਅਰਦਾਸਾਂ ਸੋਧਕੇ ਖ਼ਾਲਸਾ ਦਲ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਪਹਿਲਾ ਜੱਥਾ ਜਿਸ ਵਿੱਚ ਅੱਠ ਸੌ ਘੋੜ ਚੜ੍ਹੇ ਤੇ ਸੱਤ ਸੌ ਪੈਦਲ ਅਕਾਲੀ ਸਿੰਘ ਸਨ, ਅਕਾਲੀ ਫੂਲਾ ਸਿੰਘ ਨਾਲ ਚੜ੍ਹਦੇ ਵੱਲੋਂ ਵੈਰੀ 'ਤੇ ਹੱਲਾ ਕਰਨ ਲਈ ਨੀਯਤ ਹੋਇਆ। ਦੂਜਾ ਦਸਤਾ ਜਿਸ ਵਿੱਚ ਇੱਕ ਹਜ਼ਾਰ ਸਵਾਰ ਤੇ ਪੰਦਰਾਂ ਸੌ ਪੈਦਲ ਸਨ, ਸਰਦਾਰ ਦੇਸਾ ਸਿੰਘ ਮਜੀਠੀਆ ਤੇ ਸਰਦਾਰ ਫ਼ਤਹ ਸਿੰਘ ਆਹਲੂਵਾਲੀਏ ਦੀ ਸਰਦਾਰੀ ਹੇਠ ਲਹਿੰਦੇ ਪਾਸੇ ਤੋ ਧਾਵਾ ਕਰਨ ਲਈ ਤਿਆਰ ਕੀਤਾ ਗਿਆ। ਤੀਜੇ ਜੱਥੇ ਵਿਚ ਦੋ ਹਜ਼ਾਰ ਸਵਾਰ ਤੇ ਤਿੰਨ ਹਜ਼ਾਰ ਪੈਦਲ ਸਨ, ਜਿਸ ਵਿੱਚ ਛੇ ਸੌ ਗੋਰਖੇ ਵੀ ਸ਼ਾਮਲ ਸਨ, ਸਣੇ ਛੇ ਛੋਟੀਆਂ ਤੋਪਾਂ ਦੇ ਸ਼ਾਹਜ਼ਾਦਾ ਖੜਗ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਜਨਰਲ ਇਲਾਰਡ ਤੇ ਸਰਦਾਰ ਰਤਨ ਸਿੰਘ ਘਰਜਾਖੀਏ ਦੀ ਸੌਂਪਣੀ ਵਿਚ ਸਾਹਮਣੇ ਪਾਸੇ ਤੋਂ ਦੁਸ਼ਮਨ ਦਾ ਹੱਲਾ ਰੋਕਣ ਤੇ ਉਸਨੂੰ ਪਿੱਛੇ ਹਟਾਣ ਲਈ ਨੀਯਤ ਹੋਇਆ। ਬਾਕੀ ਕੁੱਲ ਸਵਾਰ ਤੇ ਪੈਦਲ ਮਹਾਰਾਜਾ ਸਾਹਿਬ ਦੇ ਨਾਲ ਰਹੇ, ਤਾਂਕਿ ਜਿੱਧਰ ਮਦਦ ਦੀ ਲੋੜ ਪਵੇ ਉੱਧਰ ਹੀ ਸਾਰੇ ਹੀ ਸਮੇਂ ਸਿਰ ਛੇਤੀ ਸਹਾਇਤਾ ਪਹੁੰਚਾਈ ਜਾਏ। ਇੰਨੇ ਨੂੰ ਬਿਗਲਚੀ ਨੂੰ ਕੂਚ ਦਾ ਹੁਕਮ ਵਜਾਣ ਲਈ ਆਗਿਆ ਹੋਈ ਤੇ ਬਿਗਲ ਦੇ ਵੱਜਦੇ ਹੀ ਹਰ ਇੱਕ ਜੱਥਾ ਮਹਾਰਾਜਾ ਸਾਹਿਬ ਦੇ ਸਾਹਮਣੇ ਆਉਂਦਾ ਤੇ ਬੋਲੇ 'ਸੋ ਨਿਹਾਲ, ਸਤਿ ਸ੍ਰੀ ਅਕਾਲ', ਦਾ ਜੈਕਾਰਾ ਗਜਾਂਦਾ ਹੋਇਆ ਅੱਗੋਂ ਦੀ ਲੰਘ ਜਾਂਦਾ। ਮਹਾਰਾਜਾ ਸਾਹਿਬ ਰਣਜੀਤ ਸਿੰਘ ਇਸ ਸਮੇਂ ਘੋੜੇ ਪਰ ਸਵਾਰ ਇੱਕ ਉੱਚੀ ਥਾਂ 'ਤੇ ਖੜ੍ਹੇ ਸਨ, ਹੱਥ ਵਿੱਚ ਸੂਤੀ ਹੋਈ ਤਲਵਾਰ ਬਿਜਲੀ ਦੀ ਤਰ੍ਹਾਂ ਡਲ੍ਹਕ ਰਹੀ ਸੀ। ਜਦ ਜੱਥਾ ਆਪ ਦੇ ਸਾਹਮਣੇ ਜੈਕਾਰਾ ਗਜਾਂਦਾ ਹੋਇਆ ਆਉਂਦਾ, ਤਾਂ ਆਪ ਅੱਗੋਂ ਗੱਜ ਕੇ ਜੈਕਾਰਾ ਬੁਲਾਂਦੇ ਤੇ ਸ੍ਰੀ ਸਾਹਿਬ ਦੇ ਇਸ਼ਾਰੇ ਨਾਲ ਰਣ ਵਿੱਚ ਲਈ ਵਿਦੈਗੀ ਦੇਂਦੇ।

ਅਕਾਲੀਆਂ ਦਾ ਜੱਥਾ ਅਜੇ ਜੈਕਾਰਾ ਬੁਲਾਕੇ ਹਟਿਆ ਹੀ ਸੀ ਤੇ ਸਰਦਾਰ ਦੇਸਾ ਸਿੰਘ ਦਾ ਦਸਤਾ ਅੱਗੋ ਗੁਜ਼ਰ ਹੀ ਰਿਹਾ ਸੀ ਕਿ ਇੰਨੇ ਨੂੰ ਇੱਕ ਹੋਰ ਸੂਹੀਆ ਪਹੁੰਚਿਆ ਤੇ ਆ ਕੇ ਖ਼ਬਰ ਦਿੱਤੀ ਕਿ ਮੁਹੰਮਦ ਅਜ਼ੀਮ ਖ਼ਾਨ ਦਸ ਹਜ਼ਾਰ ਅਫ਼ਗਾਨ ਤੇ ਚਾਲੀ ਵੱਡੀਆਂ ਤੋਪਾਂ ਨਾਲ ਲੈਕੇ ਖ਼ੇਸ਼ਗੀ ਦੇ ਲਾਗੇ ਨੁਸ਼ਹਿਰੇ ਤੋਂ ਚਾਰ ਕੋਹ ਲਹਿੰਦੇ ਵਲ ਪਹੁੰਚ ਗਿਆ ਹੈ ਤੇ ਬਹੁਤ ਸਾਰੀਆਂ ਬੇੜੀਆਂ ਚਾਰਸਦਾ ਆਦਿ ਸ਼ਹਿਰਾਂ ਤੋਂ ਜਮ੍ਹਾਂ ਕਰਕੇ ਗ਼ਾਜ਼ੀਆ ਨਾਲ ਤਰੱਕੀ ਪਹਾੜੀ 'ਤੇ ਮਿਲਣ ਲਈ ਦਰਿਆ ਲੁੰਡੇ ਤੋਂ ਫ਼ੌਜਾਂ ਪਾਰ ਚੜ੍ਹਾ ਰਿਹਾ ਹੈ। ਦੋਸਤ ਮੁਹੰਮਦ ਖ਼ਾਨ ਤੇ ਜਬਾਰ ਖ਼ਾਨ ਦੇ ਭਾਈ ਕੁਝ ਅਫ਼ਗਾਨੀ ਫ਼ੌਜ ਨਾਲ ਲੈਕੇ ਗ਼ਾਜ਼ੀਆ ਨੂੰ ਜਾ ਮਿਲੇ ਹਨ।

ਮਹਾਰਾਜਾ ਸਾਹਿਬ ਇਸ ਖ਼ਬਰ ਨੂੰ ਸੁਣਕੇ ਲੱਗੇ ਜੰਗ ਦੇ ਹਰ ਪਹਿਲੂ 'ਤੇ ਵਿਚਾਰ ਕਰਨ ਤੇ ਛੇਕੜ ਲੰਮੀ ਵਿਚਾਰ ਦੇ ਬਾਅਦ ਇਸ ਨਤੀਜੇ ਪਰ ਪਹੁੰਚੇ ਕਿ ਇਸ ਵਕਤ ਦੁਸ਼ਮਨ 'ਤੇ ਚੜਾਈ ਕਰਨ ਦੀ ਸਲਾਹ ਬਦਲ ਦੇਣੀ ਚਾਹੀਦੀ ਹੈ, ਇਹ ਵਿਚਾਰਕੇ, ਕਿ ਅਜੇ ਸਾਡੀ ਜਿੱਤ ਹੈ ਤੇ ਵੈਰੀ ਦੀ ਫ਼ੌਜ ਬਹੁਤ ਵੱਧੀ ਹੋਈ ਹੈ। ਦੂਜਾ ਅਫ਼ਗਾਨੀ ਤੋਪਖਾਨੇ ਦੇ ਟਾਕਰੇ ਤੇ ਜਦ ਤੀਕ ਵੱਡਾ ਤੋਪਖ਼ਾਨਾ ਜਰਨੈਲ ਵੈਨਤੂਰਾ[3] ਨਾਲ ਆ ਰਿਹਾ ਹੈ, ਪਹੁੰਚ ਨਾ ਜਾਵੇ ਜੋ ਅੱਜ ਰਾਤ ਨੂੰ ਪਹੁੰਚਣ ਵਾਲਾ ਹੈ, ਤਦ ਤੱਕ ਤਿਆਰੀਆ ਕਰ ਲੈਣੀਆਂ ਚਾਹੀਦੀਆਂ ਹਨ ਤੇ ਤੋਪਖ਼ਾਨੇ ਦੇ ਪਹੁੰਚਣੇ ਦੇ ਬਾਅਦ ਜੋ ਸਲਾਹ ਠਹਿਰੇਗੀ, ਕੀਤਾ ਜਾਏਗਾ।[4]

---

1. ਜੈ ਸਿੰਘ ਅਟਾਰੀ ਵਾਲਾ 1878 ਬਿਕ੍ਰਮੀ (ਸੰ: 1821) ਵਿਖੇ ਇੱਕ ਸਾਜ਼ਸ ਦੇ ਸ਼ੱਕ ਪਰ, ਜੋ ਇਸ ਬਾਰੇ ਕੀਤਾ ਗਿਆ, ਮਹਾਰਾਜਾ ਰਣਜੀਤ ਸਿੰਘ ਤੋਂ ਆਕੀ ਹੋ ਗਿਆ ਤੇ ਪੰਜਾਬ ਛੱਡ ਕੇ ਸਣੇ ਆਪਣੇ ਚਾਰ ਸੌ ਸਵਾਰਾਂ ਦੇ ਦੋਸਤ ਮੁਹੰਮਦ ਖ਼ਾਨ ਬਾਰਕਜ਼ਈ ਪਾਸ ਕਾਬਲ ਜਾ ਰਿਹਾ ਸੀ। ਇੱਥੇ ਇਸ ਨੇ ਇਨ੍ਹਾਂ ਢਾਈ ਸਾਲਾਂ ਵਿੱਚ ਬਾਰਕਜ਼ਈਆਂ ਲਈ ਕਈ ਲੜਾਈਆਂ ਫ਼ਤਹ ਕੀਤੀਆਂ, ਜਿਸ ਕਰਕੇ ਇਸ ਦਾ ਨਾਮ ਸਾਰੇ ਅਫ਼ਗਾਨਿਸਤਾਨ ਵਿੱਚ ਬੜਾ ਪ੍ਰਸਿੱਧ ਹੋ ਗਿਆ। ਹੁਣ ਮੁਹੰਮਦ ਅਜ਼ੀਮਖ਼ਾਨ ਤੇ ਦੋਸਤ ਮੁਹੰਮਦ ਖ਼ਾਨ ਨੇ ਜਦ ਪਿਸ਼ਾਵਰ 'ਤੇ ਚੜ੍ਹਾਈ ਕੀਤੀ ਤਾਂ ਜੈ ਸਿੰਘ ਨੂੰ ਸਣੇ ਉਸਦੇ ਸਵਾਰਾਂ ਦੇ ਆਪਣੀ ਮਦਦ ਪਰ ਤੇ ਮਾ: ਸਾਹਿਬ ਨਾਲ ਲੜਾਣ ਲਈ ਨਾਲ ਲੈ ਆਏ। ਜਦ ਇਹ ਮੁਹੰਮਦ ਅਜ਼ੀਮ ਖ਼ਾਨ ਨਾਲ ਪਿਸ਼ਾਵਰ ਠਹਿਰਿਆ ਹੋਇਆ ਸੀ ਤਾਂ ਇੱਕ ਦਿਨ ਮੁਹੰਮਦ ਜ਼ਮਾਨ ਖ਼ਾਨ ਨੇ ਖ਼ੈਰਾਬਾਦ ਦੀ ਲੜਾਈ ਵਿੱਚੋ ਕੁੱਝ ਸਿੰਘਾਂ ਦੀਆ ਲੋਥਾਂ ਨਾਲੋਂ ਉਨ੍ਹਾਂ ਦੇ ਸਿਰ ਵੱਢ ਕੇ ਆਪਣੇ ਚਾਚੇ ਨੂੰ ਆਪਣੀ ਬੀਰਤਾ ਦੱਸਣ ਲਈ ਪਿਸ਼ਾਵਰ ਭੇਜੇ। ਜਿਸ ਸਮੇ ਇਹ ਸਿਰ ਮੁਹੰਮਦ ਅਜ਼ੀਮ ਖ਼ਾਨ ਦੇ ਸਾਹਮਣੇ ਪੇਸ਼ ਕੀਤੇ ਗਏ, ਉਸ ਵਕਤ ਜੈ ਸਿੰਘ ਵੀ ਦਰਬਾਰ ਵਿੱਚ ਬੈਠਾ ਸੀ। ਜਦ ਇਸ ਨੇ ਆਪਣੇ ਸਿੱਖ ਭਰਾਵਾਂ ਦੇ ਸਿਰ ਇਸ ਤਰ੍ਹਾਂ ਪਠਾਣਾਂ ਦੇ ਹੱਥਾਂ ਵਿੱਚ ਰੁਲਦੇ ਦੇਖੇ ਤਾਂ ਉਸ ਦੇ ਦਿਲ ਨੂੰ ਡਾਢੀ ਸੱਟ ਵੱਜੀ ਤੇ ਆਪਣੇ ਆਪ ਧਿੱਕਾਰ ਕੀਤਾ ਅਤੇ ਦਿਲ ਨਾਲ ਚੁੱਕਦਾ ਫ਼ੈਸਲਾ ਕਰ ਲਿਆ ਕਿ ਜਿਸ ਤਰ੍ਹਾਂ ਵੀ ਹੋ ਸਕੇ ਜ਼ਿੰਦਗੀ ਦੇ ਬਾਕੀ ਦਿਨ ਆਪਣੇ ਭਰਾਵਾਂ ਵਿੱਚ ਮਿਲ ਕੇ ਕਟਾਂਗੇ। ਸੋ ਇਸ ਤਰ੍ਹਾਂ ਇਹ ਅੱਜ ਅਕੌੜੇ ਦੇ ਮੈਦਾਨ ਵਿੱਚ ਅਕਾਲੀ ਜੀ ਨੂੰ ਆ ਮਿਲਿਆ ਤੇ ਜਾਨ ਬਖ਼ਸ਼ੀ ਕਰਵਾਈ।
2. ਅਕਸਰ ਇਤਿਹਾਸਕਾਰਾਂ ਨੇ ਪਹਾੜੀ ਦਾ ਨਾਮ 'ਟੇਰੀ' ਕਰਕੇ ਲਿਖਿਆ ਹੈ, ਅਸਲ ਵਿਚ ਇਸ ਦਾ ਪ੍ਰਸਿੱਧ ਨਾਮ 'ਤਰੱਕੀ' ਹੈ।
ਰਾਏ ਬਹਾਦਰ ਗੋਪਾਲ ਦਾਸ ਨੇ ਪਿਸ਼ਾਵਰ ਦੀ ਤਵਾਰੀਖ਼ ਵਿੱਚ ਲੜਾਈ ਦਾ ਸੰਨ 1821 ਲਿਖਿਆ ਹੈ ਜੋ ਦਰੁਸਤ ਨਹੀਂ, ਅਸਲ ਵਿੱਚ 1822 ਠੀਕ ਹੈ। ਦੇਖੋ ਪ੍ਰਿੰਸੰਪ, ਮੈਗ੍ਰੀਗਰ ਤੇ ਸਰ ਲੈਪਲ ਗ੍ਰਿਫ਼ਨ।
3. ਜੈਨਰਲ ਵੈਨਤੂਰਾ ਤੇ ਇਲਾਰਡ ਮਾਰਚ ਸੰ: 1822 ਵਿੱਚ ਲਾਹੌਰ ਪਹੁੰਚੇ। ਇਨ੍ਹਾਂ ਵਿੱਚੋਂ ਪਹਿਲਾਂ ਇਟਲੀ ਦਾ ਤੇ ਦੂਜਾ ਫ਼ਰਾਂਸ ਦਾ ਰਹਿਣ ਵਾਲਾ ਸੀ। ਇਹ ਦੋਵੇ ਨਿਪੋਲੀਅਨ ਬੋਨਾਪਾਰਟ ਪ੍ਰਸਿੱਧ ਵਿਜਈ ਦੀ ਫ਼ੌਜ ਵਿੱਚ ਕਰਨੈਲੀ ਦੇ ਔਹਦਿਆ ਪਰ ਸਨ। ਵਾਟਰਲੋ ਦੀ ਭਾਰੀ ਲੜਾਈ ਵਿੱਚ ਨਿਪੋਲੀਅਨ ਦੇ ਯੂਰਪ ਦੀਆਂ ਸਮਿਲਤ ਤਾਕਤਾਂ ਤੋਂ ਹਾਰ ਖਾਕੇ ਕੈਦ ਵਿੱਚ ਪੈ ਜਾਣ ਕਰਕੇ ਫ਼ਰਾਂਸ ਦੇ ਸੈਕੜੇ ਨੌਜੁਆਨਾਂ ਨੂੰ ਉਪਜੀਵਕਾ ਲਈ ਦੇਸ ਪ੍ਰਦੇਸ ਰਟਨ ਕਰਨਾ ਪਿਆ। ਏਸੇ ਤਰ੍ਹਾਂ ਅਫ਼ਸਰ ਵੀ ਮਹਾਰਾਜਾ ਸਾਹਿਬ ਦਾ ਨਾਮ ਸੁਣਕੇ ਈਰਾਨ ਤੋਂ ਹੁੰਦੇ ਹੋਏ ਅਫ਼ਗਾਨਿਸਤਾਨ ਦੇ ਰਸਤੇ, ਪਠਾਣਾ ਦੇ ਭੇਸ ਵਿੱਚ ਲੰਮੇ-ਲੰਮੇ ਪੋਸਤੀਨ ਪਹਿਨੇ ਹੋਏ ਲਾਹੌਰ ਪਹੁੰਚੇ। ਇਹ ਕੁੱਝ ਟੁੱਟੀ ਫੁੱਟੀ ਫ਼ਾਰਸੀ ਬੋਲ ਸਕਦੇ ਸਨ ਤੇ ਫ਼ਕੀਰ ਅਜ਼ੀਜਦੀਨ ਦੀ ਰਾਹੀਂ ਦਰਬਾਰ ਵਿੱਚ ਹਾਜ਼ਰ ਹੋਏ! ਮਹਾਰਾਜਾ ਸਾਹਿਬ ਨੇ ਆਪਣੇ ਸੁਭਾਵ ਅਨੁਸਾਰ ਇਨ੍ਹਾਂ ਦੀ ਬੜੀ ਆਉਭਗਤ ਕੀਤੀ ਤੇ ਅਨਾਰਕਲੀ ਦੇ ਪ੍ਰਸਿੱਧ ਬੁਰਜ ਵਿੱਚ ਰਹਿਣੇ ਲਈ ਹੁਕਮ ਦਿੱਤਾ, ਪਰ ਮਹਾਰਾਜਾ ਸਾਹਿਬ ਨੇ ਜੋ ਕਿਸੇ ਗੱਲ ਨੂੰ ਬਹੁਤ ਛੇਤੀ ਮੰਨਣ ਲਈ ਤਿਆਰ ਨਹੀਂ ਸਨ ਹੋ ਪੈਂਦੇ , ਪਹਿਲੇ-ਪਹਿਲੇ ਇਨ੍ਹਾਂ ਦੇ ਇਸ ਕਹਿਣੇ ਨੂੰ ਕੁੱਝ ਸ਼ੱਕ ਦੀ ਨਜ਼ਰ ਨਾਲ ਡਿੱਠਾ ਕਿ ਇਹ ਕਿਸ ਤਰ੍ਹਾਂ ਇਹ ਲੰਮਾ ਸਫ਼ਰ ਕੇਵਲ ਨੌਕਰੀ ਦੀ ਖ਼ਾਤਰ ਝਾਗਕੇ ਆਏ ਹਨ। ਛੇਕੜ ਬਹੁਤ ਪੁੱਛ ਗਿੱਛ ਦੇ ਮਗਰੋਂ ਜਦ ਇਹ ਠੀਕ ਸਾਬਤ ਹੋ ਗਿਆ ਕਿ ਉਨ੍ਹਾਂ ਦਾ ਆਵਣਾ ਨੌਕਰੀ ਲਈ ਹੀ ਹੈ, ਤਾਂ ਮਹਾਰਾਜਾ ਸਾਹਿਬ ਨੇ ਪਹਿਲੇ ਪਹਿਲ ਪੰਝੀ-ਪੰਝੀ ਸੌ ਰੁਪਯਾ ਮਹੀਨਾ ਤਲਬ ਪਰ ਵੈਨਤੂਰਾ ਨੂੰ ਪੈਦਲ ਫ਼ੌਜ ਤੇ ਇਲਾਰਡ ਨੂੰ ਘੋੜ ਚੜ੍ਹਾਂ (ਰਸਾਲੇ) ਨੂੰ ਫ਼ਰਾਂਸ ਦੇ ਤਰੀਕੇ ਪਰ ਕਵੈਦ ਸਿਖਾਣ ਲਈ ਜਰਨੈਲੀ ਦੇ ਅਹੁਦਿਆਂ ਪਰ ਕਵੈਦ ਪਰੇਡ ਸਿਖਾਣ ਲਈ ਜਰਨੈਲੀ ਦੇ ਅਹੁਦਿਆਂ ਪਰ ਮੁਕੱਰਰ ਕੀਤਾ। ਨੌਕਰੀ ਤੋਂ ਪਹਿਲੇ ਉਨ੍ਹਾਂ ਤੋਂ ਇਕਰਾਰ ਨਾਮਾ ਲਿਖਵਾਇਆ ਗਿਆ:-
1. ਜੇ ਕਦੀ ਯੂਰਪ ਦੀ ਕਿਸੇ ਤਾਕਤ ਨਾਲ ਖ਼ਾਲਸਾ ਰਾਜ ਦੀਆਂ ਫ਼ੌਜਾਂ ਨੂੰ ਲੜਨ ਦਾ ਮੌਕਾ ਆ ਬਣੇ ਤਾਂ ਆਪ ਨੂੰ ਖ਼ਾਲਸਾ ਰਾਜ ਦਾ ਵਫ਼ਾਦਾਰ ਹੋਕੇ ਉਸ ਨਾਲ ਲੜਨਾ ਪਏਗਾ।
2. ਲਾਹੌਰ ਦਰਬਾਰ ਦੀ ਆਗਯਾ ਬਿਨਾਂ ਆਪ ਨੂੰ ਕਿਸੇ ਯੂਰਪ ਦੀ ਤਾਕਤ ਨਾਲ ਸਿੱਧਾ ਖ਼ਤ ਪੱਤ੍ਰ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।
3. ਆਪ ਨੂੰ ਦਾਹੜੀ ਸੁੱਚੀ ਰੱਖਣੀ ਪਏਗੀ, ਮੁਨਾਣ ਦੀ ਮਨਾਹੀ ਹੋਵੇਗੀ।
4. ਗੋ ਮਾਸ ਖਾਣੇ ਦੀ ਆਗਿਆ ਨਹੀਂ ਹੈ।
5. ਤੰਮਾਕੂ ਪੀਣਾ ਛੱਡਣਾ ਪਏਗਾ।
ਉਨ੍ਹਾਂ ਦੋਹਾਂ ਨੇ ਇਨ੍ਹਾਂ ਸ਼ਰਤਾਂ ਨੂੰ ਖ਼ੁਸ਼ੀ ਨਾਲ ਪ੍ਰਵਾਨ ਕੀਤਾ। ਹਾਂ, ਇਲਾਰਡ ਨੇ ਜਿਸਨੂੰ ਤੰਮਾਕੂ ਪੀਣ ਦੀ ਬਹੁਤ ਵਾਦੀ ਸੀ, ਛੇਕੜਲੀ ਸ਼ਰਤ ਲਈ ਕੁਝ ਨਰਮੀ ਚਾਹੀ ਕਿ ਅੱਜ ਤੋਂ ਤੰਮਾਕੂ ਪੀਣਾ ਘਟਾ ਦਿਆਂਗੇ, ਪਰ ਜਦ ਤੀਕ ਛੁੱਟ ਨਾ ਜਾਏ, ਆਪਣੇ ਡੇਰੇ ਪੀਣ ਦੀ ਆਗਿਆ ਦਿੱਤੀ ਜਾਏ, ਪਰੰਤੂ ਮਹਾਰਾਜਾ ਸਾਹਿਬ ਨੇ ਇਸ ਦੇ ਮੰਨਣ ਤੋਂ ਸਾਫ਼ ਇਨਕਾਰ ਕੀਤਾ ਤੇ ਛੇਕੜ ਉਸ ਨੂੰ ਤੰਮਾਕੂ ਛੱਡਣਾ ਹੀ ਪਿਆ।
4. ਲੁੰਡਾ ਦਰਿਆ ਨੂੰ ਕਾਬੁਲ ਦਰਿਆ ਵੀ ਕਿਹਾ ਜਾਂਦਾ ਹੈ। ਇਹ ਕਾਬਲ ਤੋਂ ਚੱਲ ਕੇ ਪਿਸ਼ਾਵਰ ਵਿੱਚ ਦੀ ਅਟਕ ਕੋਲ ਸਿੰਧ ਦਰਿਆ ਵਿੱਚ ਜਾ ਮਿਲਦਾ ਹੈ, ਜੋ ਅੱਗੇ ਅਰਬ ਸਾਗਰ ਵਿੱਚ ਜਾ ਮਿਲਦਾ ਹੈ।

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



**Harcourts Topline**

Licensed Agent REAA 2008

Your home is One of your most valuable *asset*

We are a complete One stop shop for all your Real Estate needs

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call The Topline TEAM*
*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।





Hardev Brar
M: 027 442 7338
E: Hardev.brar@harcourts.co.nz

Mehul Mody
M: 021 990 080
E: mehul.mody@harcourts.co.nz

M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland

**DH SUPERMARKET**



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।

| PAPATOETOE | FLATBUSH | PAPAKURA |
|---|---|---|
| 141 Kolmar Road, Paptoetoe | 46 Ormiston Road, East Tamaki | 38 O Shannessey Street, Papakura |



**SPARKELS**
**JEWELLERS**

SPARKLE YOUR LIFE WITH SPARKLE JAWELLER

- We Buy Gold Diamond & Coins
- 22kt., 9kt, 18kt & Diamond Jewellery
- Jewellery Valuation
- Jewellery Repairing
- Lucky Stones




208, Great South Road Papatoetoe
**Ph: 0800 030377**

CALL: G S HAPPY
DDI 093901041


iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...
PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI


CANADIAN FOLK EMPIRE & PARGAT SIDHANA
Presents
Lyrics
Gurmel Bhatti Kaureana
VIRSA
ਵਿਰਸਾ
Singer
JASMEEN CHOTIAN
Poster By KOHAR FILMS 98159-85980
Singer Jasmeen Chotian
Lyrics - Gurmel Bhatti Kaureana
Music - D Gill
Special Thanks - Balveer Chotian
Dop - Namtaaz Khan
Director - Nachhatar Goneana


FLAT BUSH DENTAL
Papatoetoe Dental Centre
Dr. Mankaran Singh Sandhu
Get a Brighter, Healthier Smile Today!
Transform Your Smile with Our Dental Promotions
ਇੱਥੇ ਦੰਦਾਂ ਦਾ ਇਲਾਜ ਬਹੁਤ ਵਧੀਆਂ ਢੰਗ ਨਾਲ ਕੀਤਾ ਜਾਂਦਾ ਹੈ।
ਇਹਨਾਂ ਨਾਲ ਤੁਸੀ ਪੰਜਾਬੀ ਅਤੇ ਅੰਗਰੇਜੀ ਦੋਵੇ ਭਾਸ਼ਾ ਵਿੱਚ ਗੱਲਬਾਤ ਕਰ ਸਕਦੇ ਹੋ।
Dental check-ups for $50 include 2 x -rays*
Dental check-up include 2 x -rays plus scale and polish for $150*
1/375 GREAT SOUTH ROAD, PAPATOETOE 092784830 papatoetoe375@gmail.com
201 MURPHYS ROAD, FLAT BUSH 099308315 Flatbushdental2018@gmail.com
*TERMS AND CONDITIONS APPLY


UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.
HOMEOPATHY
Universal Homeopathic NZ Ltd
ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।
DR PREET Consultant and Physician
Visit UNIVERSAL HOMEOPATHIC NZ LTD. AUCKLAND
ACNE
ASTHMA
DEPRESSION
DIABETES
GALLSTONES
GOUT
HAIR LOSS
INDIGESTION
MIGRAINE
OBESITY
PILES
PIMPLES
WORMS
STRESS
415, Great South Road
info@naturallyhealth.co.nz
P: 021-1256-356

# ਪ੍ਰਾਪਰਟੀ ਮੈਨੇਜਰ ਦੀ ਇੰਟਰਵਿਊ (ਨਿਊਜ਼ੀਲੈਂਡ ਵਿੱਚ ਆਪਣੇ ਤਜਰਬੇ ’ਤੇ ਅਧਾਰਤ)




ਦੁਨੀਆਂ ਵਿੱਚ ਭਾਰਤੀਆਂ ਦੀ ਗਿਣਤੀ ਮਿਹਨਤੀ ਇਨਸਾਨਾਂ ਵਿੱਚ ਆਉਂਦੀ ਹੈ। ਭਾਵੇਂ ਉਨ੍ਹਾਂ ਵਿੱਚੋਂ ਬਹੁਤਿਆਂ ਦੀ ਮਿਹਨਤ ਦੀ ਕਦਰ ਭਾਰਤ ਵਿੱਚ ਨਹੀਂ ਪੈਂਦੀ। ਇਸ ਵਿੱਚ ਉੱਥੇ ਦੀ ਸਰਕਾਰ ਸਾਫ ਤੌਰ ਤੇ ਜ਼ਿੰਮੇਂਵਾਰ ਹੈ ਜੋ ਭਾਰਤੀਆਂ ਵਾਸਤੇ ਸੁਖਾਵੇਂ ਕੰਮਾਂ ਕਾਰਾਂ ਦੇ ਹਲਾਤ ਜਾਂ ਨੌਕਰੀਆਂ ਨਹੀਂ ਪੈਦਾ ਕਰ ਸਕਦੀ। ਇਸ ਦੇ ਨਾਲ-ਨਾਲ ਬੇਈਮਾਨੀ, ਰਿਸ਼ਵਤਖੋਰੀ, ਈਰਖਾ, ਦੂਜੇ ਦੀਆਂ ਲੱਤਾਂ ਖਿੱਚਣ ਦੀ ਆਦਤ ਅਤੇ ਦੇਸ਼ ਦੀ ਅਬਾਦੀ ਵੀ ਇਸ ਵਾਸਤੇ ਜ਼ਿੰਮੇਂਵਾਰ ਹੈ। ਸੜਕਾਂ ’ਤੇ ਵਧੀ ਹੋਈ ਭੀੜ ਅਤੇ ਸੜਕਾਂ ’ਤੇ ਪਏ ਹੋਏ ਟੋਏ ਵੀ ਹਰ ਕੰਮ ਵਿੱਚ ਦੇਰੀ ਕਰਦੇ ਹਨ। ਸਰਕਾਰ ਵਲੋਂ ਔਰਤਾਂ ਨੂੰ ਸੁਰੱਖਿਆ ਨਾ ਦਿੱਤੇ ਜਾ ਸਕਣ ਕਰਕੇ ਔਰਤਾਂ ਕੰਮਾਂ ’ਤੇ ਜਾਣੋਂ ਝਿਜਕਦੀਆਂ ਹਨ ਜਿਸ ਦੀ ਵਜ੍ਹਾ ਕਰਕੇ ਔਰਤਾਂ ਨੂੰ ਤਰੱਕੀ ਦੇ ਮੌਕੇ ਨਹੀਂ ਮਿਲ ਸਕਦੇ।

ਇਸ ਸਭ ਤੋਂ ਅੱਕ ਕੇ ਭਾਰਤੀ ਵਿਦੇਸ਼ਾਂ ਵੱਲ ਮੂੰਹ ਕਰਦੇ ਹਨ। ਨਿਊਜ਼ੀਲੈਂਡ ਵਰਗੇ ਮੁਲਕ ਵਿੱਚ ਪਹੁੰਚਣ ਤੋਂ ਬਾਦ ਭਾਰਤੀਆਂ ਦੀ ਪਹਿਲੀ ਇੱਛਾ ਪੱਕੇ ਹੋਣ ਅਤੇ ਵਧੀਆ ਨੌਕਰੀ ਲੱਭਣ ਦੀ ਹੁੰਦੀ ਹੈ ਜਿਸ ਵਿੱਚ ਕਾਫੀ ਲੋਕ ਕੁੱਝ ਸਾਲਾਂ ਦੇ ਸੰਘਰਸ਼ ਤੋਂ ਬਾਦ ਕਾਮਯਾਬੀ ਹਾਸਿਲ ਕਰ ਲੈਂਦੇ ਹਨ।

ਪੱਕੇ ਹੋਣ ਤੋਂ ਬਾਦ ਅਗਲਾ ਸੁਪਨਾ ਆਪਣਾ ਘਰ ਖਰੀਦਣ ਦਾ ਹੁੰਦਾ ਹੈ। ਜਦੋਂ ਪਤੀ-ਪਤਨੀ ਦੋਨੋਂ ਵਧੀਆ ਨੌਕਰੀਆਂ ਕਰਦੇ ਹਨ ਤਾਂ ਘਰ ਖਰੀਦਣ ਵਾਸਤੇ ਬੈਂਕ ਕਰਜ਼ਾ ਦੇ ਦਿੰਦੀ ਹੈ। ਸਿਰਫ ਦਸ ਪ੍ਰਤੀਸ਼ਤ ਦੇ ਲਾਗੇ ਡਿਪੋਜਿੱਟ ਜਾਂ ਡਾਊਂਨਪੇਮੈਂਟ ਦੇ ਕੇ ਕਰਜ਼ਾ ਮਿਲ ਜਾਂਦਾ ਹੈ।

ਥੋੜ੍ਹੇ ਸਾਲ ਘਰਦੀਆਂ ਕਿਸ਼ਤਾਂ ਲਾਹ ਕੇ ਅਤੇ ਕੁੱਝ ਹੋਰ ਪੈਸੇ ਜੋੜ ਕੇ ਭਾਰਤੀਆਂ ਵਿੱਚ ਵੱਡਾ ਘਰ ਖਰੀਦਣ ਦੀ ਇੱਛਾ ਜਾਗਦੀ ਹੈ। ਹੁਣ ਜੋੜੇ ਨੂੰ ਨਿਊਜ਼ੀਲੈਂਡ ਆਇਆਂ ਨੂੰ ਕੁੱਝ ਸਾਲ ਬੀਤ ਚੁੱਕੇ ਹਨ, ਪਹਿਲੇ ਘਰ ਦਾ ਲਿਆ ਕਰਜ਼ਾ ਵੀ ਕਿਸ਼ਤਾਂ ਦੇ ਕੇ ਕੁੱਝ ਘਟ ਗਿਆ ਅਤੇ ਉਨ੍ਹਾਂ ਦੀ ਤਨਖਾਹ ਵੀ ਪਹਿਲਾਂ ਨਾਲੋਂ ਵਧ ਗਈ ਹੈ। ਪਹਿਲੇ ਖਰੀਦੇ ਹੋਏ ਘਰ ਦੀ ਕੀਮਤ ਵੀ ਪਹਿਲਾਂ ਨਾਲੋਂ ਵਧ ਗਈ ਹੈ। ਕੁੱਝ ਸਾਲ ਸਮੇਂ ਸਿਰ ਕਿਸ਼ਤਾਂ ਦੇਣ ਨਾਲ ਬੈਂਕ ਵਾਲਿਆਂ ਨਾਲ ਵੀ ਵਧੀਆ ਰਿਕਾਰਡ ਬਣ ਗਿਆ ਹੈ ਅਤੇ ਵਾਕਫੀ ਹੋ ਗਈ ਹੈ। ਉਹ ਬੈਂਕ ਨਾਲ ਹੋਰ ਕਰਜ਼ਾ ਲੈਣ ਦੀ ਗੱਲ ਕਰਕੇ ਆਪਣੇ ਰਹਿਣ ਲਈ ਵੱਡਾ ਘਰ ਖਰੀਦ ਲੈਂਦੇ ਹਨ ਅਤੇ ਆਪਣਾ ਪਹਿਲਾਂ ਲਿਆ ਹੋਇਆ ਘਰ ਕਿਰਾਏ ’ਤੇ ਦੇਣ ਬਾਰੇ ਸੋਚਦੇ ਹਨ।

ਆਪ ਕੰਮਾਂ ਕਾਰਾਂ ਵਿੱਚ ਰੁੱਝੇ ਹੋਣ ਕਰਕੇ ਉਨ੍ਹਾਂ ਨੂੰ ਕਿਰਾਏ ਵਾਲੇ ਘਰ ਦੀ ਦੇਖਭਾਲ ਕਰਨ ਵਾਸਤੇ ਪ੍ਰਾਪਰਟੀ ਮੈਨੇਜਰ ਦੀ ਲੋੜ ਪੈਂਦੀ ਹੈ। ਹੁਣ ਉਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਕਿਹੜਾ ਪ੍ਰਾਪਰਟੀ ਮੈਨੇਜਰ ਉਨ੍ਹਾਂ ਦੇ ਘਰ ਦੀ ਵਧੀਆ ਦੇਖਭਾਲ ਕਰੇਗਾ? ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਪ੍ਰਾਪਰਟੀ ਮੈਨੇਜਰ ਵਿੱਚ ਕਿਹੜੇ ਗੁਣ ਦੇਖਣ ਦੀ ਲੋੜ ਹੁੰਦੀ ਹੈ?

ਮੈਂ ਪਿਛਲੇ 21 ਸਾਲ ਤੋਂ ਆਪਣੇ ਘਰਾਂ ਦੀ ਮੈਨੇਜਮੈਂਟ ਕਰਦਾ ਆ ਰਿਹਾ ਹਾਂ ਜਿਸ ਵਿੱਚ ਵੱਖ-ਵੱਖ ਇਲਾਕੇ ਵਿੱਚ ਵੱਖ-ਵੱਖ ਪ੍ਰਾਪਰਟੀ ਮੈਨੇਜਰ ਘਰਾਂ ਦੀ ਦੇਖਭਾਲ ਵਾਸਤੇ ਰੱਖੇ ਹੋਏ ਹਨ। ਸਾਡੇ ਘਰ ਸਾਲ ਵਿੱਚ 51 ਹਫਤੇ ਤੋਂ ਵੱਧ ਕਿਰਾਏ ’ਤੇ ਚੜ੍ਹੇ ਰਹਿੰਦੇ ਹਨ। ਆਓ ਆਪਾਂ ਦੇਖੀਏ ਕਿ ਮਕਾਨ ਮਾਲਕ ਨੂੰ ਪ੍ਰਾਪਰਟੀ ਮੈਨੇਜਰ ਚੁਣਨ ਤੋਂ ਪਹਿਲਾਂ ਕਿਹੜੇ-ਕਿਹੜੇ ਸਵਾਲ ਪ੍ਰਾਪਰਟੀ ਮੈਨੇਜਰ ਕੋਲੋਂ ਪੁੱਛਣੇ ਚਾਹੀਦੇ ਹਨ?

* ਤੁਸੀਂ ਕਿੰਨੇ ਸਾਲ ਤੋਂ ਇਸ ਕੰਪਨੀ ਵਿੱਚ ਕੰਮ ਕਰਦੇ ਹੋ?

* ਤੁਸੀਂ ਇਕੱਲੇ ਕਿੰਨੇ ਘਰਾਂ ਦੀ ਮੈਨੇਜਮੈਂਟ ਕਰਦੇ ਹੋ? ਇੱਕ ਪ੍ਰਾਪਰਟੀ ਮੈਨੇਜਰ 100 ਜਾਂ 110 ਘਰਾਂ ਦੀ ਦੇਖਭਾਲ ਚੰਗੀ ਤਰਾਂ ਕਰ ਸਕਦਾ ਹੈ ਅਤੇ ਪਾਰਟ ਟਾਈਮ ਮੈਨੇਜਰ 50 ਘਰ ਦੇਖ ਸਕਦਾ ਹੈ।

* ਕੀ ਤੁਸੀਂ ਆਪ ਵੀ ਪ੍ਰਾਪਰਟੀ ਇਨਵੈਸਟਰ ਹੋ? ਜੇ ਪ੍ਰਾਪਰਟੀ ਮੈਨੇਜਰ ਆਪ ਪ੍ਰਾਪਰਟੀ ਇਨਵੈਸਟਰ ਹੈ ਤਾਂ ਉਸ ਨੂੰ ਦੂਜੇ ਦੀ ਪ੍ਰਾਪਰਟੀ ਦੀ ਦੇਖਭਾਲ ਕਰਨ ਦਾ ਪਤਾ ਹੋ ਸਕਦਾ।

* ਫਾਇਨੈਨਸ਼ੀਅਲ ਸਟੇਟਮੈਂਟ ਜਾਂ ਅਕਾਊਂਟਿੰਗ ਵਾਲੇ ਵਿਅਕਤੀ ਦਾ ਤੁਹਾਡੇ ਦਫ਼ਤਰ ਵਿੱਚ ਕੀ ਤਜ਼ਰਬਾ ਹੈ? ਵਧੀਆ ਸਟੇਟਮੈਂਟ ਤੁਹਾਡੇ ਅਕਾਊਂਟੈਂਟ ਦਾ ਕੰਮ ਸੌਖਾ ਕਰੇਗੀ।

* ਇਸ ਇਲਾਕੇ ਵਿੱਚ ਤੁਸੀਂ ਕਿੰਨੇ ਸਾਲ ਤੋਂ ਨੌਕਰੀ ਕਰਦੇ ਹੋ?

* ਇਸ ਇਲਾਕੇ ਵਿੱਚ ਔਸਤ ਕਿਰਾਇਆ ਕਿੰਨਾ ਹੈ?

* ਇਸ ਇਲਾਕੇ ਵਿੱਚ ਸਾਲ ਵਿੱਚ ਕਿੰਨੇ ਹਫਤੇ ਕਿਰਾਏਦਾਰ ਮਿਲ ਜਾਂਦਾ ਹੈ?

* ਤੁਸੀਂ ਰੈਂਟਰਿਵਿਊ ਕਿੰਨੇ ਚਿਰ ਬਾਦ ਕਰਦੇ ਹੋ?

* ਇਸ ਇਲਾਕੇ ਵਿੱਚ ਲੋਕ ਜ਼ਿਆਦਾ ਕੰਮ ਕਰਦੇ ਹਨ ਜਾਂ ਸਰਕਾਰੀ ਭੱਤਾ ਲੈਂਦੇ ਹਨ?

* ਕਿਰਾਏਦਾਰ ਦੀ ਚੋਣ ਵੇਲੇ



ਕਿਰਾਏਦਾਰ ਦਾ ਕੀ-ਕੀ ਰਿਕਾਰਡ ਦੇਖਦੇ ਹੋ?

* ਪ੍ਰਾਪਰਟੀ ਦੀ ਇੰਸਪੈਕਸ਼ਨ ਕਿੰਨੇ ਚਿਰ ਬਾਦ ਕਰਦੇ ਹੋ?

* ਤੁਹਾਡੇ ਕਿੰਨੇ ਘਰਾਂ ਦੇ ਕਿਰਾਏਦਾਰ ਕਿਰਾਇਆ ਦੇਣ ਲਈ ਪਿੱਛੇ ਰਹੇ ਹੋਏ ਹਨ?

* ਕੀ ਤੁਸੀਂ ਵੀਕਐਂਡ ਜਾਂ ਪਬਲਿਕ ਛੁੱਟੀ ਵਾਲੇ ਦਿਨ ਫੋਨ ਚੁੱਕਦੇ ਹੋ ਜਾਂ ਨਹੀਂ? ਜੇ ਨਹੀਂ ਤਾਂ ਛੁੱਟੀ ਵਾਲੇ ਦਿਨ ਕਿਸੇ ਹੋਰ ਨੂੰ ਫੋਨ ਚੁੱਕਣ ਦੀ ਡਿਊਟੀ ਲਗਾ ਕੇ ਜਾਂਦੇ ਹੋ ਜਾਂ ਨਹੀਂ?

* ਤੁਹਾਡੇ ਸਾਲ ਵਿੱਚ ਕਿੰਨੇ ਕੇਸ ਟੇਨੈਂਸੀ ਟ੍ਰਿਬਿਊਨਲ ਵਿੱਚ ਜਾਂਦੇ ਹਨ?

* ਟੈਨੈਂਸੀ ਟ੍ਰਿਬਿਊਨਲ ਵਿੱਚ ਗਏ ਕੇਸਾਂ ਵਿੱਚੋਂ ਤੁਹਾਨੂੰ ਕਿੰਨਿਆਂ ਕੇਸਾਂ ਵਿੱਚ ਕਾਮਯਾਬੀ ਮਿਲਦੀ ਹੈ?

* ਜੇ ਕੋਈ ਕਿਰਾਏਦਾਰ ਕਿਰਾਇਆ ਨਹੀਂ ਦਿੰਦਾ ਤਾਂ ਕੀ ਕਰਦੇ ਹੋ?

* ਸਾਲ ਵਿੱਚ ਕਿੰਨੇ ਹਫਤੇ ਕਿਰਾਏਦਾਰ ਘਰ ਵਿੱਚ ਰਹਿਣ ਨੂੰ ਮਿਲ ਜਾਂਦਾ ਹੈ?

* ਪ੍ਰਾਪਰਟੀ ਮੈਨੇਜਰ ਤੋਂ ਦੂਜੇ ਮਕਾਨ ਮਾਲਕਾਂ ਦੇ ਦਿੱਤੇ ਹੋਏ ਰੈਫਰੈਂਸਲੈਟਰ ਦੇਖ ਸਕਦੇ ਹੋ।

* ਤੁਸੀਂ ਕਿਰਾਏ ਵਿੱਚੋਂ ਕਿੰਨਾ ਕਮਿਸ਼ਨ ਲੈਂਦੇ ਹੋ?

* ਕੀ ਤੁਸੀਂ ਕਿਰਾਏਦਾਰ ਲੱਭਣ ਦੀ ਫੀਸ ਲੈਂਦੇ ਹੋ?

* ਕੀ ਤੁਸੀਂ ਪ੍ਰਾਪਰਟੀ ਦੀ ਇੰਸਪੈਕਸ਼ਨ ਫੀਸ ਲੈਂਦੇ ਹੋ?

* ਕੀ ਤੁਸੀਂ ਟੈਨੈਂਸੀ ਟ੍ਰਿਬਿਊਨਲ ਵਿੱਚ ਜਾਣ ਦੀ ਫੀਸ ਲੈਂਦੇ ਹੋ?

* ਕੀ ਤੁਸੀਂ ਇੰਸਪੈਕਸ਼ਨ ਵੇਲੇ ਸਮੋਕ ਅਲਾਰਮ ਟੈਸਟ ਕਰਦੇ ਹੋ?

* ਘਰ ਖਾਲੀ ਹੋਣ ਵੇਲੇ ਤੁਸੀਂ ਕਿੱਥੇ-ਕਿੱਥੇ ਐਡਵਰਟਾਈਜ਼ ਕਰਦੇ ਹੋ?

* ਕੀ ਤੁਸੀਂ ਐਡਵਰਟਾਈਜ਼ ਦੀ ਫੀਸ ਘਰ ਦੇ ਮਾਲਕ ਕੋਲੋਂ ਲੈਂਦੇ ਹੋ?

* ਤੁਹਾਡੀਆਂ ਪ੍ਰਾਪਰਟੀਆਂ ਸਾਲ ਵਿੱਚ ਕਿੰਨੇ ਹਫਤੇ ਕਿਰਾਏ ’ਤੇ ਚੜ੍ਹੀਆਂ ਰਹਿੰਦੀਆਂ ਹਨ?

* ਜਿਹੜੀ ਰਿਪੇਅਰ ਤੁਸੀਂ ਕਰਾਉਂਦੇ ਹੋ ਕੀ ਤੁਸੀਂ ਉਸ ਉੱਪਰ ਆਪਣਾ ਕਮਿਸ਼ਨ ਲੈਂਦੇ ਹੋ?

ਇਸ ਸਭ ਤੋਂ ਬਾਦ ਤੁਸੀਂ ਸੋਚਦੇ ਹੋਵੋਗੇ ਕਿ ਇੱਕ ਘਰ ਕਿਰਾਏ ਤੇ ਦੇਣ ਲਈ ਏਡੀ ਵੱਡੀ ਇੰਟਰਵਿਊ? ਜੀ ਹਾਂ ਇਸ ਕੰਮ ਵਿੱਚ ਕਾਮਯਾਬੀ ਹਾਸਿਲ ਕਰਨ ਲਈ ਇਹ ਜ਼ਰੂਰੀ ਹੈ ਕਿਉਂਕਿ ਤੁਸੀਂ ਆਪਣਾ ਲੱਖਾਂ ਡਾਲਰਾਂ ਦਾ ਘਰ ਉਸ ਮੈਨੇਜਰ ਦੇ ਹਵਾਲੇ ਕਰਨਾ ਹੈ। ਜ਼ਿਆਦਾ ਲੋਕ ਘਰਾਂ ਦੀ ਮੈਨੇਜਮੈਂਟ ਉਸ ਕੰਪਨੀ ਨੂੰ ਦੇ ਦਿੰਦੇ ਹਨ ਜੋ ਕਿਰਾਏ ਵਿੱਚੋਂ ਘੱਟ ਕਮਿਸ਼ਨ ਲੈਂਦੀ ਹੋਵੇ। ਜੇ ਕੋਈ ਕੰਪਨੀ 1% ਘੱਟ ਕਮਿਸ਼ਨ ਲੈਂਦੀ ਹੈ ਤਾਂ ਇਸ ਦਾ ਭਾਵ ਹੈ ਕਿ ਜੇ ਉਹ ਇੱਕ ਲੱਖ ਡਾਲਰ ਕਿਰਾਇਆ ਇਕੱਠਾ ਕਰਕੇ ਦੇਵੇ ਤਾਂ ਤੁਹਾਨੂੰ ਇੱਕ ਹਜ਼ਾਰ ਡਾਲਰ ਫਾਲਤੂ ਬਚੇਗਾ। ਜ਼ਿਆਦਾ ਘਰਾਂ ਦਾ ਕਿਰਾਇਆ ਸਾਲ ਦਾ £25,000 ਬਣਦਾ ਹੈ। ਇਸ ਦਾ ਭਾਵ ਹੈ ਕਿ 1% ਘੱਟ ਕਮਿਸ਼ਨ ਨਾਲ ਸਿਰਫ ਸਾਲ ਦਾ 250 ਡਾਲਰ ਦਾ ਫਰਕ ਪਵੇਗਾ ਜੋ ਕਿ ਬਹੁਤ ਘੱਟ ਹੈ ਪਰ ਜੇ ਉਸ ਕੰਪਨੀ ਦੀ ਮਾੜੀ ਸਰਵਿਸ ਕਰਕੇ ਘਰ 4 ਹਫਤੇ ਖਾਲੀ ਰਹਿ ਗਿਆ ਤਾਂ ਕਿਰਾਏ ਦਾ ਦੋ ਹਜ਼ਾਰ ਡਾਲਰ ਦਾ ਨੁਕਸਾਨ ਹੋ ਜਾਵੇਗਾ। ਇਸ ਤਰਾਂ ਕਈ ਵਾਰ ਸਸਤਾ ਪ੍ਰਾਪਰਟੀ ਮੈਨੇਜਰ ਮਹਿੰਗਾ ਪੈ ਜਾਂਦਾ ਹੈ।

ਨੋਟ :- ਇਹ ਆਰਟੀਕਲ ਆਪਣੇ ਤਜਰਬੇ ’ਤੇ ਅਧਾਰਤ ਲਿਖਿਆ ਗਿਆ ਹੈ।

**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
006421392147



# ਮਮਤਾ ਬੈਨਰਜੀ ਨੇ ਰੇਲ ਹਾਦਸਿਆਂ ਨੂੰ ਲੈ ਕੇ ਕੇਂਦਰ ਸਰਕਾਰ ਦੀ ਕੀਤੀ ਆਲੋਚਨਾ



ਕੋਲਕਾਤਾ - ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਇਕ ਤੋਂ ਬਾਅਦ ਇਕ ਕਈ ਰੇਲ ਹਾਦਸਿਆਂ ਨੂੰ ਲੈ ਕੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਅਤੇ ਸਵਾਲ ਕੀਤਾ ਕਿ ਕੀ ਕੇਂਦਰ ਦੀ ਅਸੰਵੇਦਨਸ਼ੀਲਤਾ ਦਾ ਕੋਈ ਅੰਤ ਨਹੀਂ ਹੋਵੇਗਾ। ਮਮਤਾ ਨੇ ਸੋਸ਼ਲ ਮੀਡੀਆ ਪੋਸਟ 'ਚ ਪੁੱਛਿਆ ਕਿ ਇਹ ਕਿਹੋ ਜਿਹਾ ਸ਼ਾਸਨ ਹੈ ਕਿਉਂਕਿ ਰੇਲ ਹਾਦਸੇ ਆਮ ਹੋ ਗਏ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,''ਇਕ ਹੋਰ ਵਿਨਾਸ਼ਕਾਰੀ ਰੇਲ ਹਾਦਸਾ।" ਅੱਜ ਸਵੇਰੇ ਝਾਰਖੰਡ ਦੇ ਚੱਕਰਧਰਪੁਰ ਡਿਵੀਜ਼ਨ 'ਚ ਹਾਵੜਾ-ਮੁੰਬਈ ਮੇਲ ਪਟੜੀ ਤੋਂ ਉਤਰ ਗਈ, ਜਿਸ ਕਾਰਨ ਲੋਕਾਂ ਦੀ ਜਾਨ ਗਈ ਅਤੇ ਵੱਡੀ ਗਿਣਤੀ 'ਚ ਜ਼ਖਮੀ ਹੋਏ ਹਨ।'' ਮਮਤਾ ਨੇ ਕਿਹਾ,"ਮੈਂ ਗੰਭੀਰਤਾ ਨਾਲ ਪੁੱਛਦੀ ਹਾਂ: ਕੀ ਇਹ ਸ਼ਾਸਨ ਹੈ? ਲਗਭਗ ਹਰ ਹਫ਼ਤੇ ਡਰਾਉਣੇ ਸੁਪਨਿਆਂ ਦੀ ਇਹ ਸਿਲਸਿਲਾ, ਰੇਲ ਪਟੜੀਆਂ 'ਤੇ ਮੌਤਾਂ ਅਤੇ ਸੱਟਾਂ ਦਾ ਇਹ ਅੰਤਹੀਣ ਸਿਲਸਿਲਾ: ਅਸੀਂ ਕਦੋਂ ਤੱਕ ਇਸ ਨੂੰ ਸਹਿਣ ਕਰਾਂਗੇ? ਕੀ ਭਾਰਤ ਸਰਕਾਰ ਦੀ ਅਸੰਵੇਦਨਸ਼ੀਲਤਾ ਦਾ ਕੋਈ ਅੰਤ ਨਹੀਂ ਹੋਵੇਗਾ?''

ਅਧਿਕਾਰੀਆਂ ਨੇ ਦੱਸਿਆ ਕਿ ਝਾਰਖੰਡ ਦੇ ਸਰਾਏਕੇਲਾ-ਖਰਸਾਵਾਂ ਜ਼ਿਲ੍ਹੇ 'ਚ ਮੰਗਲਵਾਰ ਤੜਕੇ ਮੁੰਬਈ-ਹਾਵੜਾ ਮੇਲ ਦੇ ਘੱਟੋ-ਘੱਟ 18 ਡੱਬੇ ਪੱਟੜੀ ਤੋਂ ਉਤਰਨ ਕਾਰਨ 2 ਲੋਕਾਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖ਼ਮੀ ਹੋ ਗਏ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਤੜਕੇ 3.45 ਵਜੇ ਦੱਖਣ-ਪੂਰਬ ਰੇਲਵੇ (ਐੱਸ.ਈ.ਆਰ.) ਦੇ ਚੱਕਰਧਰਪੁਰ ਡਿਵੀਜ਼ਨ ਦੇ ਅਧੀਨ ਜਮਸ਼ੇਦਪੁਰ ਤੋਂ ਲਗਭਗ 80 ਕਿਲੋਮੀਟਰ ਦੂਰ ਬੜਾਬੰਬੂ ਕੋਲ ਹੋਇਆ। ਐੱਸ.ਈ.ਆਰ. ਦੇ ਬੁਲਾਰੇ ਓਮ ਪ੍ਰਕਾਸ਼ ਚਰਨ ਨੇ ਦੱਸਿਆ ਕਿ ਨੇੜੇ ਹੀ ਇਕ ਮਾਲ ਗੱਡੀ ਦੇ ਪੱਟੜੀ ਤੋਂ ਉਤਰਨ ਦੀ ਸੂਚਨਾ ਹੈ ਪਰ ਅਜੇ ਇਹ ਸਪੱਸ਼ਟ ਨਹੀਂ ਹ ਸਕਿਆ ਹੈ ਕਿ ਇਹ ਦੋਵੇਂ ਹਾਦਸੇ ਇਕੱਠੇ ਹੋਏ ਹਨ ਜਾਂ ਨਹੀਂ।

# ਰੋਹਨ ਬੋਪੰਨਾ ਨੇ ਟੈਨਿਸ ਤੋਂ ਸੰਨਿਆਸ ਲੈਣ ਦਾ ਕੀਤਾ ਐਲਾਨ



ਨਵੀਂ ਦਿੱਲੀ : ਭਾਰਤੀ ਟੈਨਿਸ ਸਟਾਰ ਰੋਹਨ ਬੋਪੰਨਾ ਨੇ ਟੈਨਿਸ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਪੈਰਿਸ ਓਲੰਪਿਕ 2024 'ਚ ਬੋਪੰਨਾ ਨੂੰ ਐੱਨ. ਸ਼੍ਰੀਰਾਮ ਬਾਲਾਜੀ ਨਾਲ ਪਹਿਲੇ ਦੌਰ 'ਚ ਹਾਰ ਕੇ ਬਾਹਰ ਹੋਣਾ ਪਿਆ। ਇਸ ਹਾਰ ਤੋਂ ਬਾਅਦ ਰੋਹਨ ਬੋਪੰਨਾ ਨੇ ਟੈਨਿਸ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ।

ਐਤਵਾਰ ਨੂੰ ਖੇਡੇ ਗਏ ਇਸ ਮੈਚ 'ਚ ਇਸ ਭਾਰਤੀ ਜੋੜੀ ਨੂੰ ਗੇਲ ਮੋਨਫਿਲਸ ਅਤੇ ਐਡਵਰਡ ਰੋਜਰ ਵੈਸੇਲਿਨ ਦੀ ਫਰਾਂਸੀਸੀ ਜੋੜੀ ਤੋਂ ਸਿੱਧੇ ਸੈੱਟਾਂ 'ਚ 5-7, 2-6 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਹਾਰ ਨਾਲ ਟੈਨਿਸ 'ਚ ਭਾਰਤ ਦੀ ਪੈਰਿਸ ਓਲੰਪਿਕ ਮੁਹਿੰਮ ਇੱਥੇ ਖਤਮ ਹੋ ਗਈ ਹੈ।

1996 ਦੀਆਂ ਅਟਲਾਂਟਾ ਓਲੰਪਿਕ ਖੇਡਾਂ 'ਚ ਲਿਏਂਡਰ ਪੇਸ ਦੇ ਇਤਿਹਾਸਕ ਸਿੰਗਲਜ਼ ਕਾਂਸੀ ਦੇ ਤਗਮੇ ਤੋਂ ਬਾਅਦ ਭਾਰਤੀ ਟੈਨਿਸ ਨੇ ਓਲੰਪਿਕ ਵਿੱਚ ਕੋਈ ਤਮਗਾ ਨਹੀਂ ਜਿੱਤਿਆ ਹੈ। ਬੋਪੰਨਾ 2016 ਵਿੱਚ ਇਸ ਤਗ਼ਮੇ ਦੇ ਬਹੁਤ ਨੇੜੇ ਪਹੁੰਚ ਗਿਆ ਸੀ, ਪਰ ਉਹ ਮਿਸ਼ਰਤ ਮੁਕਾਬਲੇ ਵਿੱਚ ਸਾਨੀਆ ਮਿਰਜ਼ਾ ਨਾਲ ਚੌਥੇ ਸਥਾਨ 'ਤੇ ਰਿਹਾ।

44 ਸਾਲਾ ਬੋਪੰਨਾ ਪਹਿਲਾਂ ਹੀ ਡੇਵਿਸ ਕੱਪ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਚੁੱਕੇ ਹਨ। ਉਸ ਨੇ ਕਿਹਾ ਕਿ ਇਹ ਪਹਿਲਾਂ ਹੀ ਇੱਕ ਵੱਡਾ ਬੋਨਸ ਹੈ ਜਿੱਥੇ ਮੈਂ ਹਾਂ।

ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਦੋ ਦਹਾਕਿਆਂ ਤੱਕ ਭਾਰਤ ਦੀ ਨੁਮਾਇੰਦਗੀ ਕਰਾਂਗਾ। ਮੈਂ 2002 ਵਿੱਚ ਡੈਬਿਊ ਕੀਤਾ ਸੀ ਅਤੇ 22 ਸਾਲ ਬਾਅਦ ਵੀ ਮੈਨੂੰ ਭਾਰਤ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲ ਰਿਹਾ ਹੈ। ਮੈਨੂੰ ਇਸ 'ਤੇ ਬਹੁਤ ਮਾਣ ਹੈ।

NZ INDIAN SPORTS & CULTURAL CLUB INC.
P.O. Box 27410, Mt Roskill, Auckland - 1440
NZBN - 9429051471545
Ph: 09-390 0004, Email: nzindianclub@gmail.com

Organising Committee

Hardev Singh Brar
President
+64274427338
Email. hardevbrar@gmail.com

Hardev Mahinangal
Vice President
+642102612568
hardevmahinangal@gmail.com

Jaswinder Brar
Secretary
jassibrar2024@gmail.com

Gurdeep Singh
Treasurer
+64222786226
kalabrar@gmail.com

Rubal Singh
Cultural Secretary
021333350
Rubal.singh@raywhite.com

Sarabjit Singh
Sports Secretary
0210426837

Panchpreet Dhillon
Auditor
Panchpreetnz@gmail.com



# ਅੱਖਾਂ ਦੀ ਸੁੰਦਰਤਾ ਵਧਾਉਣ ਲਈ ਨੁਸਖੇ ਅਤੇ ਕਸਰਤਾਂ

1. ਅੱਖਾਂ ਦੀ ਥਕਾਵਟ ਮਿਟਾਉਣ ਦੇ ਲਈ ਰੂੰ ਦੇ ਦੋ ਫੰਬੇ (ਫਹੇ) ਬਰਫ਼ ਦੇ ਪਾਣੀ ਵਿਚ ਭਿਉਂਕੇ ਨਿੰਬੂ ਦਾ ਰਸ ਲਾ ਕੇ ਅੱਖਾਂ ਤੇ ਰੱਖੋ। ਕੁੱਝ ਹੀ ਦੇਰ ਵਿਚ ਤੁਹਾਡੀਆਂ ਅੱਖਾਂ ਦੀ ਥਕਾਣ ਖਤਮ ਹੋ ਜਾਵੇਗੀ।

2. ਅੱਖਾਂ ਦੁਖਣੀਆਂ ਆ ਜਾਣ ਤੇ ਬੇਲ ਦੇ ਪੱਤਿਆਂ ਦਾ ਰਸ ਪਤਲੇ ਕੱਪੜੇ ਨਾਲ ਪੁਣਕੇ ਇਕ ਦੋ ਬੂੰਦਾਂ ਅੱਖਾਂ ਵਿਚ ਪਾਵੋ। ਦੁਖਦੀਆਂ ਅੱਖਾਂ ਦੀ ਪੀੜ, ਚੁਭਣ ਅਤੇ ਦਰਦ ਠੀਕ ਹੋ ਕੇ ਅੱਖਾਂ ਦੀ ਨਿਗਾਹ ਵਧੇਗੀ।

3. ਜੇਕਰ ਕਿਸੇ ਦੀਆਂ ਅੱਖਾਂ ਦੇ ਹੇਠਾਂ ਕਾਲੇ ਘੇਰੇ ਬਣ ਰਹੇ ਹੋਣ ਤਾਂ ਉਹਨਾਂ ਨੂੰ ਸੰਤਰੇ ਦੇ ਰਸ ਵਿਚ ਰੂੰ ਭਿਉਂਕੇ ਅੱਖਾਂ ਦੇ ਹੇਠਾਂ ਅਤੇ ਉਪਰ 20-25 ਮਿੰਟ ਰੱਖਣੇ ਚਾਹੀਦੇ ਹਨ। ਇਸ ਨਾਲ ਅੱਖਾਂ ਦੇ ਕਾਲੇ ਘੇਰੇ ਘੱਟ ਹੋ ਜਾਂਦੇ ਹਨ ਅਤੇ ਅੱਖਾਂ ਵੀ ਸਹੀ ਰਹਿੰਦੀਆਂ ਹਨ।

4. ਖਰਬੂਜੇ ਦੇ ਛਿਲਕਿਆਂ ਨੂੰ ਪੀਸਕੇ ਅੱਖਾਂ ਦੇ ਹੇਠਾਂ ਲਾਉਣ ਨਾਲ ਕਾਲੇ ਘੇਰਿਆਂ ਨੂੰ ਮਿਟਾਉਣ ਵਿਚ ਸਹਾਇਤਾ ਮਿਲਦੀ ਹੈ।

5. ਉੱਬਲੀ ਹੋਈ ਚਾਹ ਦੇ ਕੋਸੇ ਪਾਣੀ ਵਿਚ ਰੂੰ ਦੇ ਫਾਹੇ ਡੁਬੋਕੇ ਅੱਖਾਂ 'ਤੇ ਰੱਖੋ। ਇਸ ਤਰ੍ਹਾਂ ਕਰਦੇ ਰਹਿਣ ਨਾਲ ਹੌਲ਼ੀ ਹੌਲ਼ੀ ਅੱਖਾਂ ਹੇਠਲੇ ਕਾਲੇ ਘੇਰੇ ਖਤਮ ਹੋ ਜਾਣਗੇ।

6. ਤਾਜ਼ੇ ਅੰਜ਼ੀਰ ਦੀ ਵਰਤੋਂ ਵੀ ਲਾਹੇਵੰਦ ਰਹਿੰਦੀ ਹੈ।

7. ਸ਼ਹਿਦ ਨੂੰ ਮਲਾਈ ਵਿਚ ਮਿਲਾਕੇ ਅੱਖਾਂ ਦੇ ਹੇਠਾਂ ਲਾ ਕੇ ਦਸ-ਪੰਦਰਾਂ ਮਿੰਟ ਰੱਖਣ ਅਤੇ ਠੰਢੇ ਪਾਣੀ ਨਾਲ ਧੋ ਦੇਣ ਨਾਲ ਚਮੜੀ ਦਾ ਪੋਸ਼ਣ ਹੁੰਦਾ ਹੈ।

8. ਚਾਹ ਦੀਆਂ ਪੱਤੀਆਂ ਨੂੰ ਬਰਫ਼ ਦੇ ਚੂਰੇ ਵਿਚ ਮਿਲਾਕੇ ਕੱਪੜੇ ਵਿਚ ਲਪੇਟਕੇ ਅੱਖਾਂ ਤੇ ਰੱਖ ਲਵੋ, ਇਸ ਨਾਲ ਥਕਾਵਟ ਦੂਰ ਹੋ ਜਾਵੇਗੀ, ਨਾਲ ਹੀ ਅੱਖਾਂ ਚਮਕੀਲੀਆਂ ਬਣ ਜਾਣਗੀਆਂ।

9. ਕੱਚੀ ਹਲਦੀ ਦੁੱਧ ਵਿਚ ਘਿਸਾਕੇ ਸ਼ਹਿਦ ਮਿਲਾਕੇ ਚਿਹਰੇ ਦੀਆਂ ਝੁਰੜੀਆਂ ਅਤੇ ਅੱਖਾਂ ਦੇ ਹੇਠਾਂ ਕਾਲੇ ਘੇਰਿਆਂ ਤੇ ਰਾਤ ਨੂੰ ਸੌਣ ਲੱਗੇ ਲਾਉਣ ਨਾਲ ਲਾਭ ਹੁੰਦਾ ਹੈ।

10. ਸਫ਼ੈਦ ਅੱਕ ਦੀ ਜੜ੍ਹ ਨੂੰ ਸਾਫ਼ ਕਰਕੇ ਮੱਖਣ ਦੇ ਨਾਲ ਪੱਥਰ ਤੇ ਬਾਰੀਕ ਘਿਸਾਕੇ ਕਾਜਲ ਦੀ ਤਰ੍ਹਾਂ ਅੱਖਾਂ ਵਿਚ ਪਾਉਣ ਨਾਲ ਕੁੱਝ ਹੀ ਦਿਨਾਂ ਵਿਚ ਅੱਖਾਂ ਦੀ ਰੌਸ਼ਨੀ ਵਧ ਜਾਵੇਗੀ।

11. ਲਾਲ ਮਿਰਚ ਪੀਸਕੇ ਥੋੜ੍ਹਾ ਜਿਹਾ ਪਾਣੀ ਮਿਲਾਕੇ ਉਸਦੀ ਪੇਸਟ ਬਣਾਕੇ ਉਸਨੂੰ ਜਿਸ ਪਾਸੇ ਦੀ ਅੱਖ ਦੁਖਦੀ ਹੋਵੇ, ਉਸ ਪਾਸੇ ਪੈਰ ਦੇ ਅੰਗੂਠੇ ਦੇ ਨਹੁੰ ਤੇ ਲਾ ਦੇਵੋ। ਜੇਕਰ ਦੋਵੇਂ ਅੱਖਾਂ ਦੁਖਦੀਆਂ ਹੋਣ ਤਾਂ ਦੋਵੇਂ ਪੈਰਾਂ ਦੇ ਅੰਗੂਠਿਆਂ ਦੇ ਨਹੁੰਆਂ ਤੇ ਮਿਰਚਾਂ ਦਾ ਲੇਪ ਕਰੋ। ਅੱਖਾਂ ਦਾ ਦੁਖਣਾ ਬੰਦ ਹੋ ਜਾਵੇਗਾ।

12. ਰੂੰ ਦੇ ਗੋਲ ਫਹਿਆਂ ਨੂੰ ਗੁਲਾਬ ਜਲ ਵਿਚ ਡੁਬੋਕੇ ਅੱਖਾਂ ਤੇ ਰੱਖਕੇ ਪੰਦਰਾਂ ਮਿੰਟ ਸਿੱਧੇ ਲੇਟੇ ਰਹੋ।

13. ਪੁਦੀਨੇ ਦਾ ਰਸ ਅੱਖਾਂ ਦੇ ਹੇਠਾਂ ਬਣ ਗਏ ਕਾਲੇ ਘੇਰਿਆਂ ਨੂੰ ਸਮਾਪਤ ਕਰਦਾ ਹੈ। ਹਫ਼ਤੇ ਵਿਚ ਦੋ ਵਾਰੀ ਲਾਵੋ।

14. ਖੀਰੇ ਦੇ ਰਸ ਵਿਚ ਭਿੱਜਿਆ ਹੋਇਆ ਰੂੰ ਦਾ ਫਹਾ ਅੱਖਾਂ ਦੇ ਹੇਠਾਂ ਰੱਖੋ। ਕਾਲੇ ਘੇਰੇ ਮਿਟ ਜਾਣਗੇ।

15. ਅੱਖਾਂ ਦੇ ਹੇਠਾਂ ਕਾਲੇ ਘੇਰੇ ਹੋਣ ਤੇ ਨਿੰਬੂ ਛਿਲਕਾ ਰਗੜੋ। ਠੀਕ ਹੋ ਜਾਣਗੇ।

16. ਹਰ ਰੋਜ਼ ਨਹਾਉਣ ਤੋਂ ਪਹਿਲਾਂ ਪੈਰਾਂ ਦੇ ਅੰਗੂਠਿਆਂ ਤੇ ਸ਼ੁੱਧ ਸਰ੍ਹੋਂ ਦਾ ਤੇਲ ਮਲਣ ਨਾਲ ਬਿਰਧ ਅਵਸਥਾ ਵਿੱਚ ਅੱਖਾਂ ਦੀ ਰੌਸ਼ਨੀ ਬਣੀ ਰਹਿੰਦੀ ਹੈ। ਕਮਜ਼ੋਰ ਨਹੀਂ ਹੁੰਦੀ। ਇਹ ਪ੍ਰਯੋਗ ਹਰ ਰੋਜ਼ ਕੀਤਾ ਜਾਵੇ ਤਾਂ ਐਨਕਾਂ ਲਗਵਾਉਣ ਦੀ ਜ਼ਰੂਰਤ ਨਹੀਂ ਪੈਂਦੀ।

17. ਹਰ ਰੋਜ਼ ਅੱਖਾਂ ਵਿਚ ਇਕ ਦੋ ਬੂੰਦਾਂ ਸਰ੍ਹੋਂ ਦਾ ਤੇਲ ਲਾਵੋ। ਇਸ ਨਾਲ ਅੱਖਾਂ ਸਭ ਤਰ੍ਹਾਂ ਦੇ ਰੋਗਾਂ ਤੋਂ ਸੁਰੱਖਿਅਤ ਰਹਿਣਗੀਆਂ ਅਤੇ ਅੱਖਾਂ ਦੀ ਨਿਗਾਹ ਵਿਚ ਜਿੰਦਗੀ ਭਰ ਕੋਈ ਫ਼ਰਕ ਨਹੀਂ ਪਵੇਗਾ।



18. ਸੌਂਫ ਅੱਧਾ ਕਿਲੋ, ਖੰਡ ਅੱਧਾ ਕਿਲੋ ਦੋਨਾਂ ਨੂੰ ਬਰੀਕ ਪੀਸਕੇ ਮਿਲਾ ਲਵੋ। ਰਾਤ ਨੂੰ ਦਸ ਗ੍ਰਾਮ ਦਵਾਈ ਫੱਕ ਕੇ ਦੋ ਚਾਰ ਘੁੱਟ ਪਾਣੀ ਪੀ ਲਵੋ। ਇਸਦੇ ਨਿਰੰਤਰ ਸੇਵਨ ਨਾਲ ਨਿਗਾਹ ਕਮਜ਼ੋਰ ਨਹੀਂ ਹੋਵੇਗੀ। ਇਹ ਮੋਤੀਆ ਬਿੰਦ ਨੂੰ ਰੋਕਦੀ ਹੈ, ਕਬਜ਼ ਨੂੰ ਦੂਰ ਕਰਦੀ ਹੈ। ਇਹ ਹੈਰਾਨ ਕਰਨ ਵਾਲਾ ਨੁਸਖਾ ਹੈ।

19. ਅੱਖਾਂ ਦੇ ਹੇਠਾਂ ਫੁੱਲੀ ਹੋਈ ਚਮੜੀ ਨੂੰ ਠੀਕ ਕਰਨ ਲਈ ਠੰਢੇ ਕੱਚੇ ਦੁੱਧ ਵਿਚ ਮੋਟੀ ਰੂੰ ਨੂੰ ਭਿਉਂਕੇ ਨਿਚੋੜ ਲਵੋ। ਤੁਸੀਂ ਲੇਟ ਜਾਵੋ ਅਤੇ ਇਸਨੂੰ ਅੱਖਾਂ ਦੇ ਹੇਠਾਂ ਰੱਖ ਲਵੋ। ਦਸ-ਪੰਦਰਾਂ ਮਿੰਟ ਪਏ ਰਹੋ। ਦਿਨ ਵਿਚ ਦੋ ਵਾਰੀ ਇਕ ਹਫ਼ਤਾ ਕਰੋ।

20. ਅੱਖਾਂ ਦੇ ਹੇਠਾਂ ਕਾਲਾ-ਸਿਆਹ ਟੋਆ ਜਿਹਾ ਹੋਵੇ ਤਾਂ ਅੱਕ ਦੀ ਛਿੱਲ ਪਾਣੀ ਵਿਚ ਪੀਸਕੇ ਲੇਪ ਕਰੋ। ਕੁੱਝ ਦਿਨਾਂ ਵਿਚ ਹੀ ਉਸਦਾ ਰੰਗ ਆਮ ਚਮੜੀ ਦੇ ਰੰਗ ਵਰਗਾ ਹੋ ਜਾਵੇਗਾ।

21. ਹਰਾ ਕਸੀਸ ਵਧੀਆ 5 ਗ੍ਰਾਮ, ਬੋਰਿਕ ਐਸਿਡ 50 ਗ੍ਰਾਮ- ਇਸਨੂੰ ਮਿਲਾਕੇ ਪੀਸ ਲਵੋ। ਫੇਰ ਥੋੜ੍ਹਾ ਥੋੜ੍ਹਾ ਬੋਰਿਕ ਪਾ ਕੇ ਖਰਲ ਕਰਕੇ ਸੰਭਾਲ ਕੇ ਰੱਖ ਲਵੋ। ਹਰ ਸ਼ਾਮ ਅੱਖਾਂ ਵਿਚ ਪਾਵੋ। ਅੱਖਾਂ ਦੇ ਸਾਰੇ ਰੋਗਾਂ ਖਾਸ ਕਰਕੇ ਨਜ਼ਰ ਦੀ ਕਮਜ਼ੋਰੀ ਦੇ ਲਈ ਰਾਮਬਾਣ ਹੈ। ਇਸਦੀ ਲਗਾਤਾਰ ਵਰਤੋਂ ਕਰਨ ਨਾਲ ਅੱਖਾਂ ਤਮਾਮ ਰੋਗਾਂ ਤੋਂ ਬਚੀਆਂ ਰਹਿੰਦੀਆਂ ਹਨ।

22. ਗੋਰਖ ਮੁੰਡੀ ਦਾ ਅਰਕ 25-30 ਗ੍ਰਾਮ ਰੋਜ਼ਾਨਾ ਪੀਣ ਨਾਲ ਨਜ਼ਰ ਤੇਜ ਹੋ ਜਾਂਦੀ ਹੈ।

23. ਬਾਦਾਮ ਰੋਗਨ ਨਾਲ ਅੱਖਾਂ ਦੇ ਆਸੇ-ਪਾਸੇ ਗੋਲਾਈ ਵਿਚ ਮਾਲਸ਼ ਕਰਨ ਨਾਲ ਚਮੜੀ ਚਮਕੀਲੀ ਬਣ ਜਾਂਦੀ ਹੈ। ਕੋਸੇ ਜਿਹੇ ਦੁੱਧ ਵਿਚ ਰੂੰ ਦਾ ਫਹਾ ਭਿਉਂਕੇ ਕਾਲੇ ਘੇਰਿਆਂ ਤੇ ਸੇਕ ਦੇਵੋ। ਇਸ ਨਾਲ ਅੱਖਾਂ ਦੇ ਹੇਠਲਾ ਕਾਲਾਪਣ ਖਤਮ ਹੋ ਜਾਂਦਾ ਹੈ।

24. ਖੀਰੇ ਦਾ ਸਿਰਾ ਕੱਟਣ ਤੇ ਜਿਹੜੀ ਝੱਗ ਨਿਕਲਦੀ ਹੈ ਉਸਨੂੰ ਲਾਉਣ ਅੱਖਾਂ ਦੇ ਇਰਦ ਗਿਰਦ ਦਾ ਕਾਲਾਪਣ ਗਾਇਬ ਹੋ ਜਾਵੇਗਾ।

25. ਦੁੱਧ ਤੇ ਗੁਲਾਬ ਜਲ ਇਕੋ ਜਿਹਾ ਮਿਲਾਕੇ ਉਸਦੀਆਂ ਚਾਰ-ਪੰਜ ਬੂੰਦਾਂ ਅੱਖਾਂ ਵਿਚ ਪਾਵੋ। ਅੱਖਾਂ ਦੀ ਥਕਾਵਟ ਅਤੇ ਜਲਣ ਤੋਂ ਲਾਭ ਹੋਵੇਗਾ।

26. ਜੇਕਰ ਖਰਬੂਜੇ ਦੀ ਬੀਜਾਂ ਨੂੰ ਕੱਚੇ ਨਾਰੀਅਲ ਦੇ ਪਾਣੀ ਵਿਚ ਪੀਸਕੇ ਲਾਇਆ ਜਾਵੇ ਤਾਂ ਅੱਖਾਂ ਦੇ ਹੇਠਲੇ ਕਾਲੇ ਘੇਰਿਆਂ ਅਤੇ ਝੁਰੜੀਆਂ ਤੋਂ ਰਾਹਤ ਮਿਲਦੀ ਹੈ।

27. ਸ਼ੁੱਧ ਸ਼ਹਿਦ ਦੀਆਂ ਇਕ ਦੋ ਬੂੰਦਾਂ ਹਰ ਰੋਜ਼ ਪਾਉਣ ਨਾਲ ਅੱਖਾਂ ਦੇ ਕਈ ਵਿਕਾਰ ਨਸ਼ਟ ਹੋ ਜਾਂਦੇ ਹਨ, ਅੱਖਾਂ ਦੀ ਨਜ਼ਰ ਵਧਦੀ ਹੈ।

28. ਅੰਗੂਰਾਂ ਦਾ ਰਸ ਅੱਖਾਂ ਵਿਚ ਪਾਉਣ ਨਾਲ ਅੱਖਾਂ ਦੀ ਨਿਗਾਹ ਤੇਜ ਹੁੰਦੀ ਹੈ ਅਤੇ ਅੰਧਰਾਤਾ ਦੂਰ ਹੁੰਦਾ ਹੈ। ਅੰਗੂਰਾਂ ਦੇ ਰਸ ਵਿਚ ਸ਼ਹਿਦ ਮਿਲਾਕੇ ਵਰਤਣ ਨਾਲ ਇਹ ਸਭ ਤੋਂ ਸ੍ਰੇਸ਼ਟ ਅੰਜਨ ਹੈ।

29. ਆਲੂ ਨੂੰ ਕੁੱਟਕੇ ਪੇਸਟ ਬਣ ਲਵੋ। ਕਿਸੇ ਕੱਪੜੇ ਵਿਚ ਲਪੇਟਕੇ ਇਸਨੂੰ ਬੰਦ ਅੱਖਾਂ ਤੇ ਰੱਖੋ। ਥੱਕੀਆਂ ਹੋਈਆਂ ਅੱਖਾਂ ਨੂੰ ਆਰਾਮ ਮਿਲੇਗਾ।

30. ਅੱਖਾਂ ਲਾਲ ਹੋਣ ਤੇ ਫਟਕੜੀ ਦਾ ਪਾਣੀ ਪਾਵੋ ਜਾਂ ਸਮੁੰਦਰ ਝੱਗ (ਫੇਨ) ਤੇ ਮਿਸਰੀ ਦਾ ਅੰਜਨ ਕਰੋ।

31. ਬਬੂਲ (ਕਿੱਕਰ) ਦੀਆਂ ਪੱਤੀਆਂ ਦਾ ਰਸ ਅੱਖਾਂ ਵਿਚ ਪਾਉਣ ਨਾਲ ਅੱਖਾਂ ਦੀ ਲਾਲੀ ਅਤੇ ਦਰਦ ਦੂਰ ਹੋ ਜਾਂਦੇ ਹਨ।

32. ਕੇਸਰ ਨੂੰ ਸ਼ਹਿਦ ਵਿਚ ਘਿਸਾਕੇ ਅੱਖਾਂ ਵਿਚ ਪਾਉਣ ਨਾਲ ਅੱਖਾਂ ਦੀ ਜਲਣ ਦੂਰ ਹੋ ਜਾਂਦੀ ਹੈ।

33. ਬੱਕਰੀ ਜਾਂ ਗਊ ਦੇ ਦੁੱਧ ਦੀਆਂ ਦੋ-ਚਾਰ ਬੂੰਦਾਂ ਅੱਖਾਂ ਵਿਚ ਪਾਉਣ ਨਾਲ ਅੱਖਾਂ ਦੀ ਜੋਤੀ ਵਧਦੀ ਹੈ। ਅੱਖਾਂ ਚਮਕਦਾਰ ਤੇ ਸਾਫ਼ ਹੁੰਦੀਆਂ ਹਨ। ਹਫ਼ਤੇ ਵਿਚ ਇਕ ਵਾਰੀ ਪ੍ਰਯੋਗ ਕਰੋ।

34. ਛੋਟੀ ਹਰੜ ਤੇ ਮੁਸ਼ਕ ਕਾਫੂਰ ਨੂੰ ਗੁਲਾਬ ਜਲ ਵਿਚ ਰਗੜਕੇ ਸੁਬਾਹ-ਸ਼ਾਮ ਅੱਖਾਂ ਵਿਚ ਪਾਉਣ ਨਾਲ ਅੱਖਾਂ ਦਾ ਦੁਖਣਾ, ਪਾਣੀ ਵਗਣਾ, ਘੱਟ ਵਿਖਾਈ ਦੇਣਾ ਆਦਿ ਤਕਲੀਫ਼ਾਂ ਵਿਚ ਲਾਭ ਮਿਲਦਾ ਹੈ।

35. ਅੱਖਾਂ ਵਿਚ ਜਲਣ ਹੋਵੇ, ਲਾਲੀ ਰਹਿੰਦੀ ਹੋਵੇ ਜਾਂ ਪਾਣੀ ਵਗਦਾ ਹੋਵੇ ਤਾਂ ਸੁਬਾਹ ਦਾ ਵੇਹਾ (ਬਾਸੀ) ਥੁੱਕ ਅੱਖਾਂ ਵਿਚ ਸੁਰਮੇ ਦੀ ਤਰ੍ਹਾਂ ਪਾਵੋ।

36. ਸੌਂਫ ਤੇ ਧਨੀਆਂ ਬਰਾਬਰ ਮਾਤਰਾ ਵਿਚ ਲੈ ਕੇ ਪੀਸ ਲਵੋ। ਮਿਸਰੀ ਮਿਲਾਕੇ ਸੁਬਾਹ-ਸ਼ਾਮ ਬਾਰਾਂ ਗ੍ਰਾਮ ਚੂਰਣ ਪਾਣੀ ਦੇ ਨਾਲ ਲਵੋ। ਅੱਖਾਂ ਦੀ ਨਜ਼ਰ ਵਧੇਗੀ।

37. ਗਾਜਰ ਦਾ ਜੂਸ ਇਕ ਗਲਾਸ ਸੁਬਾਹ ਸੈਰ ਦੇ ਬਾਦ ਪੀਣ ਨਾਲ ਅੰਨ੍ਹਾਪਣ ਦੂਰ ਹੁੰਦਾ ਹੈ।

38. ਅੱਧਾ ਚਮਚਾ ਘਿਉ, ਇਕ ਚਮਚਾ ਕਾਲੀ ਮਿਰਚ ਵਿਚ ਥੋੜ੍ਹਾ ਕਾਲਾ ਲੂਣ ਤੇ ਮਿਸ਼ਰੀ ਮਿਲਾਕੇ ਸੁਬਾਹ-ਸ਼ਾਮ ਨੇਮਵੱਧ ਸੇਵਨ ਕਰਨ ਨਾਲ ਅੱਖਾਂ ਦੀ ਜੋਤੀ ਤੇਜ ਹੁੰਦੀ ਹੈ ਅਤੇ ਜਿੰਨ੍ਹਾਂ ਦੀਆ ਅੱਖਾਂ ਵਿਚੋਂ ਪਾਣੀ ਵਗਦਾ ਹੋਵੇ ਜਾਂ ਜਿੰਨ੍ਹਾਂ ਦੀਆਂ ਅੱਖਾਂ ਕਮਜ਼ੋਰ ਹੋ ਗਈਆਂ ਹੋਣ, ਉਹਨਾਂ ਦੇ ਲਈ ਇਹ ਬਹੁਤ ਫਾਇਦੇਮੰਦ ਹੈ।

39. ਪਾਲਕ ਦਾ ਰਸ ਹਰ ਰੋਜ਼ ਪੀਣ ਨਾਲ ਕਦੇ ਵੀ ਐਨਕਾਂ ਦੀ ਲੋੜ ਨਹੀਂ ਪੈਂਦੀ।

40. ਸੋਜ਼, ਲਾਲੀ ਵਿਚ ਮੱਝ ਦੇ ਦੁੱਧ ਦਾ ਫੇਹਾ ਭਿਉਂਕੇ ਅੱਖਾਂ ਤੇ ਰੱਖੋ।

41. ਨੈਣਾਂ ਨੂੰ ਸੁੰਦਰ ਰੱਖਣ ਲਈ ਪਾਣੀ ਵੱਧ ਤੋਂ ਵੱਧ ਪੀਵੋ।

42. ਔਲ਼ੇ ਦਾ ਮੁਰੱਬਾ ਖਾਣ ਨਾਲ ਨਿਗਾਹ ਤੇਜ ਹੁੰਦੀ ਹੈ।

43. ਮੁਲੱਠੀ ਦੇ ਰਸ ਨੂੰ ਬਾਰੀਕ ਕੱਪੜੇ ਨਾਲ ਪੁਣਕੇ ਅੱਖਾਂ ਵਿਚ ਇਕ-ਇਕ ਬੂੰਦ ਪਾਉਣ ਨਾਲ ਕਾਫ਼ੀ ਲਾਭ ਹੁੰਦਾ ਹੈ, ਧੁੰਦਲੀ ਨਿਗਾਹ ਵਿਚ ਚਮਕ ਵਧਣ ਲੱਗਦੀ ਹੈ।

44. ਚੁਕੰਦਰ ਵੱਧ ਤੋਂ ਵੱਧ ਖਾਵੋ। ਇਸਦਾ ਰਸ ਕੱਢਕੇ ਪੀਵੋ ਅਤੇ ਛੋਟੇ ਬੱਚਿਆਂ ਨੂੰ ਵੀ ਪਿਲਾਵੋ। ਅੱਖਾਂ ਦੇ ਲਈ ਚੁਕੰਦਰ ਬਹੁਤ ਲਾਭਕਾਰੀ ਹੈ।

45. ਅੱਖਾਂ ਅਤੇ ਦਿਮਾਗ ਦੀ ਗਰਮੀ ਸ਼ਾਂਤ ਕਰਨ ਦੇ ਲਈ ਮੂੰਗਫਲੀ ਦੇ ਤੇਲ ਨੂੰ ਪੈਰਾਂ ਦੀਆਂ ਤਲੀਆਂ ਅਤੇ ਮੱਥੇ ਤੇ ਮਲਣਾ ਚਾਹੀਦਾ ਹੈ।

46. ਇਕ ਸੌ ਗ੍ਰਾਮ ਫ਼ਟਕੜੀ ਦੇ ਚੂਰਣ ਵਿਚ ਚੌਲ ਭਰ ਅਫ਼ੀਮ ਰੱਖਕੇ ਮਿੱਟੀ ਦੇ ਬਰਤਨ ਵਿਚ ਅੱਗ ਤੇ ਰੱਖੋ। ਤਰਲ ਬਣ ਜਾਣ ਤੇ ਲਾਹ ਲਵੋ। ਸੁੱਕਣ ਤੇ ਬਾਰੀਕ ਪੀਸ ਲਵੋ। ਨਿੰਮ ਦੀ ਸਿਲਾਈ ਨਾਲ ਅੱਖਾਂ ਵਿਚ ਪਾਉਣ ਨਾਲ ਅੱਖਾਂ ਦੀ ਲਾਲੀ, ਪੀੜ ਆਦਿ ਵਿਚ ਆਰਾਮ ਮਿਲਦਾ ਹੈ।

47. ਖਜੂਰ ਦੀ ਗੁਠਲੀ ਨੂੰ ਭਸਮ ਕਰਕੇ ਸੁਰਮਾ ਬਣਾਕੇ ਹਰ ਰੋਜ਼ ਅੱਖਾਂ ਵਿਚ ਪਾਉਣ ਨਾਲ ਨੇਤਰ ਰੋਗ ਮਿਟ ਜਾਂਦੇ ਹਨ।

48. ਤਾਜ਼ੀ ਨਾਸਪਾਤੀ ਦੇ ਠੰਢੇ ਕੀਤੇ ਹੋਏ ਟੁਕੜਿਆਂ ਵਿਚ ਟੈਨਿਨ ਹੁੰਦਾ ਹੈ। ਅੱਖਾਂ ਲਈ ਇਸਦਾ ਸੇਵਨ ਕਾਫ਼ੀ ਗੁਣਕਾਰੀ ਹੈ।

49. ਬੱਗੂਗੋਸ਼ੇ ਵਿਚ ਤੇਲ ਅਤੇ ਨਮੀ ਹੁੰਦੀ ਹੈ। ਇਸਨੂੰ 15-20 ਮਿੰਟ ਫਰਿੱਜ ਵਿਚ ਰੱਖਕੇ ਠੰਢਾ ਹੋਣ ਦੇਵੋ। ਫੇਰ ਪਤਲੇ-ਪਤਲੇ ਕੱਟਕੇ ਅੱਖਾਂ ਤੇ ਰੱਖੋ। ਦਿਨ ਵਿਚ ਦੋ ਵਾਰੀ ਇਸ ਤਰ੍ਹਾਂ ਕਰੋ। ਅੱਖਾਂ ਦੇ ਹੇਠਲੇ ਕਾਲੇ ਘੇਰੇ ਘਟ ਜਾਣਗੇ।

50. ਇਕ ਸੌ ਗ੍ਰਾਮ ਹਲਕਾ ਗਰਮ ਪਾਣੀ ਲੈ ਕੇ ਦੋ ਗ੍ਰਾਮ ਫਟਕੜੀ ਉਸ ਵਿਚ ਘੋਲ ਲਵੋ। ਇਸ ਪਾਣੀ ਨੂੰ ਹਥੇਲੀ ਵਿਚ ਪਾਕੇ ਨੱਕ ਰਾਹੀਂ ਉਪਰ ਖਿੱਚੋ। ਦੋ-ਤਿੰਨ ਵਾਰੀ ਨਥਣਿਆਂ ਰਾਹੀਂ ਖਿਚਕੇ ਗਲੇ (ਸੰਘ) ਵਿਚ ਲਿਜਾਣ ਅਤੇ ਮੂੰਹ ਰਾਹੀਂ ਬਾਹਰ ਕੱਢ ਦੇਵੋ।

ਏਸੇ ਪਾਣੀ ਨਾਲ ਗਰਾਰੇ ਕਰਕੇ ਥੁੱਕ ਦੇਵੋ। ਬਚੇ ਹੋਏ ਪਾਣੀ ਨਾਲ ਅੱਖਾਂ ਤੇ ਛਿੱਟੇ ਮਾਰੋ ਅਤੇ ਅੱਖਾਂ ਨੂੰ ਕੱਪੜੇ ਨਾਲ ਪੂੰਝਕੇ ਸੁੱਕਣ ਦੇਵੋ। ਅੱਖਾਂ ਵਿਚੋਂ ਪਾਣੀ ਵਗਣਾ ਬੰਦ ਹੋ ਜਾਵੇਗਾ ਅਤੇ ਠੰਢਕ ਮਿਲੇਗੀ।

# ਅਮਰ ਸਿੰਘ ਮਸਤਾਨਾ



ਅਮਰ ਸਿੰਘ ਮਸਤਾਨਾ ਉਹ ਬੰਦਾ ਹੈ, ਜਿਸ ਦੇ ਨਾਂ ਦੀ ਤੂਤੀ ਅਣਗਿਣਤ ਵਾਰ ਬੋਲਦੀ-ਬੋਲਦੀ ਰੁਕੀ। ਬੜੀ ਵਾਰ ਉਸ ਨੂੰ ਅੱਗੇ ਆਉਣ ਦੇ ਮੌਕੇ ਮਿਲੇ, ਪਰ ਮੰਦੀ ਆਰਥਿਕਤਾ ਉਸ ਦੇ ਰਾਹ ਵਿੱਚ ਰੋੜਾ ਬਣ ਕੇ ਖੜ੍ਹੋ ਜਾਂਦੀ। ਉਹ ਚਾਹੁੰਦਾ ਹੋਇਆ ਵੀ ਕੁੱਝ ਕਰਨੋਂ ਅਸਮਰੱਥ ਹੋ ਜਾਂਦਾ ਕਿਉਂਕਿ ਕਲਾ ਜਗਤ ਵਿੱਚ ਨਾਂ ਕਮਾਉਣ ਨਾਲੋਂ ਵੱਡਾ ਮਸਲਾ ਉਸ ਲਈ ਰੋਟੀ ਦਾ ਸੀ। ਨਿਆਣਿਆਂ ਦਾ ਢਿੱਡ ਭਰਨਾ ਉਸ ਦਾ ਪਹਿਲਾ ਫ਼ਰਜ਼ ਸੀ, ਚੰਗਾ ਪਿਤਾ ਤੇ ਜ਼ਿੰਮੇਵਾਰ ਪਤੀ ਸਿੱਧ ਹੋਣ ਲਈ ਉਸ ਨੇ ਬਹੁਤ ਵਾਰ ਆਪਣੀਆਂ ਸਧਰਾਂ ਦਾ ਗਲ਼ ਘੁੱਟਿਆ ਤੇ ਸੋਚਿਆ ਕਿ ਪਹਿਲਾਂ ਘਰ ਗ੍ਰਹਿਸਤੀ ਵੱਲ ਧਿਆਨ ਦਿੱਤਾ ਜਾਵੇ, ਲਿਖਣ-ਗਾਉਣ ਦੇ ਮੌਕੇ ਤਾਂ ਸਾਰੀ ਉਮਰ ਮਿਲਦੇ ਰਹਿਣੇ ਨੇ।

ਮਸਤਾਨਾ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ। ਉਹ ਚੰਡਿਆ ਹੋਇਆ ਗਵੱਈਆ ਤਾਂ ਹੈ ਹੀ, ਮੰਝਿਆ ਹੋਇਆ ਗੀਤਕਾਰ ਵੀ ਹੈ। ਅਦਾਕਾਰੀ ਉਸ ਦਾ ਸ਼ੌਕ ਹੈ ਤੇ ਕਦੇ-ਕਦਾਈਂ ਹੁਣ ਵੀ ਟੈਲੀਫ਼ਿਲਮਾਂ ਵਿੱਚ ਐਕਟਿੰਗ ਕਰਕੇ ਉਹ ਆਪਣਾ ਝੱਸ ਪੂਰਾ ਕਰ ਲੈਂਦਾ ਹੈ। ਕਿਸੇ ਵੇਲੇ ਉਸ ਦੇ ਲਿਖੇ ਗੀਤਾਂ ਨੂੰ ਗਾਉਣ ਲਈ ਗਵੱਈਏ ਤਰਸਦੇ ਹੁੰਦੇ ਸਨ। ਉਹ ਭਾਵੁਕ ਹੋ ਕੇ ਗੀਤਾਂ ਵਾਲੀ ਕਾਪੀ ਗਾਇਕਾਂ ਮੂਹਰੇ ਧਰ ਦਿੰਦਾ, ਪਰ ਗਾਇਕ ਗੀਤ ਗਾ ਕੇ ਉਸ ਦਾ ਫੋਕਾ ਧੰਨਵਾਦ ਕਰਨ ਲਈ ਵੀ ਨਾ ਬਹੁੜਦੇ। ਬੜੀ ਵਾਰ ਉਸ ਦਾ ਮਨ ਦੁਖੀ ਹੁੰਦਾ, ਪਰ ਚੰਗੇ ਦਿਨਾਂ ਦੀ ਆਸ ਵਿੱਚ ਉਹ ਮਨ ਦੀ ਸਾਰੀ ਖਟਾਸ ਪੀ ਜਾਂਦਾ। ਗਾਇਕ ਉਸ ਦੇ ਭੋਲੇਪਣ ਦਾ ਫ਼ਾਇਦਾ ਉਠਾਉਂਦਿਆਂ ਪਹਿਲਾਂ ਵਾਲੀ ਚਤੁਰਾਈ ਮੁੜ ਕਰਨ ਵਿੱਚ ਕਾਮਯਾਬ ਹੋ ਜਾਂਦੇ। ਮਸਤਾਨੇ ਦੀਆਂ ਕਈ ਕੈਸਿਟਾਂ ਵੀ ਮਾਰਕੀਟ ਵਿੱਚ ਆਈਆਂ, ਉਸ ਨੇ ਬੇਹੱਦ ਸੋਹਣਾ ਗਾਇਆ, ਪਰ ਗੱਲ ਫੇਰ ਉਥੇ ਆ ਕੇ ਮੁੱਕ ਜਾਂਦੀ ਕਿ ਜੀਹਦੇ ਪੱਲੇ ਧੇਲਾ ਨਹੀਂ, ਉਹਦਾ ਮੇਲੇ ਵਿੱਚ ਕੀ ਕੰਮ।

ਅਮਰ ਸਿੰਘ ਮਸਤਾਨਾ ਨੇ 1975 ਤੋਂ 90 ਤੱਕ ਡੇਢ ਦਹਾਕਾ ਰਿਕਸ਼ਾ ਚਲਾਇਆ। ਗਾਉਣ ਵਾਲੇ ਉਸ ਕੋਲ ਕੋਟਕਪੂਰੇ ਦੇ ਬੱਸ ਅੱਡੇ ਵਿੱਚ ਗੀਤ ਲੈਣ ਆਉਂਦੇ। ਜੇ ਉਹ ਕੋਈ ਸਵਾਰੀ ਲੈ ਕੇ ਗਿਆ ਹੁੰਦਾ ਤਾਂ ਉਹ ਉਸ ਦੀ ਉਡੀਕ ਕਰਦੇ ਤੇ ਜਦੋਂ ਉਹ ਮੁੜ ਆਉਂਦਾ, ਉਸ ਨੂੰ ਮਿੱਠੀਆਂ-ਪਿਆਰੀਆਂ ਗੱਲਾਂ ਵਿੱਚ ਲੈ ਕੇ ਗੀਤ ਲੈਣ ਸਾਰ ਤਿੱਤਰ ਹੋ ਜਾਂਦੇ। ਹੁਣ ਜਦੋਂ ਮਸਤਾਨੇ ਦਾ ਅਤੀਤ ਕੁਰੇਦਣ ਦੀ ਕੋਸ਼ਿਸ਼ ਕਰੀਦੀ ਹੈ ਤਾਂ ਉਹ ਨੀਵੀਂ ਜਿਹੀ ਪਾ ਕੇ ਕਹਿ ਛੱਡਦੈ, 'ਛੱਡੋ, ਜੋ ਹੋਣਾ ਸੀ ਹੋ ਗਿਆ।' ਮਸਤਾਨੇ ਦਾ ਅੰਦਰਾ ਸਭ ਤੋਂ ਵੱਧ ਉਨ੍ਹਾਂ ਗਾਇਕਾਂ ਤੋਂ ਦੁਖੀ ਹੈ, ਜਿਹੜੇ ਉਸ ਦੇ ਗੀਤ ਗਾ ਕੇ ਕੋਠੀਆਂ-ਕਾਰਾਂ ਦੇ ਮਾਲਕ ਬਣ ਗਏ, ਪਰ ਉਨ੍ਹਾਂ ਨੇ ਉਸ ਦੀ ਕਦੇ ਬਾਤ ਤੱਕ ਨਾ ਪੁੱਛੀ। ਮੂੰਹੋਂ ਬੇਸ਼ੱਕ ਉਹ ਕਿਸੇ ਨੂੰ ਚੰਗਾ-ਮਾੜਾ ਨਹੀਂ ਕਹਿੰਦਾ, ਪਰ ਜੇ ਕੁੱਝ ਪਲਾਂ ਲਈ ਉਹਦੀ ਥਾਂ ਖੁਦ ਨੂੰ ਖੜ੍ਹਾ ਕਰਕੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਨੂੰ ਕਿੰਨਾ ਦੁੱਖ ਹੁੰਦਾ ਹੋਵੇਗਾ।

ਮਸਤਾਨਾ ਕੋਰਾ ਅਨਪੜ੍ਹ ਹੈ। ਪੜ੍ਹਨ ਨੂੰ ਉਸ ਦਾ ਜੀਅ ਬਥੇਰਾ ਕਰਦਾ ਸੀ, ਪਰ ਗ਼ਰੀਬੀ ਨੇ ਉਸ ਨੂੰ ਸਕੂਲ ਜਾਣੋਂ ਰੋਕੀ ਰੱਖਿਆ। ਘਰਦਿਆਂ ਨੇ ਉਸ ਦਾ ਨਾਂ ਅਮਰ ਸਿੰਘ ਰੱਖਿਆ ਤੇ ਜਵਾਨੀ ਫੁੱਟਣ ਵੇਲੇ ਰੇਡੀਓ ਨਾਲ ਉਸ ਦਾ ਐਸਾ ਮੋਹ ਪਿਆ ਕਿ ਆਸਾ ਸਿੰਘ ਮਸਤਾਨਾ ਦੇ ਗੀਤ ਸੁਣ-ਸੁਣ ਉਹ ਵੀ 'ਮਸਤਾਨਾ' ਬਣ ਗਿਆ। ਉਹ ਮਨ ਵਿੱਚ ਆਸਾ ਸਿੰਘ ਵਰਗਾ ਗਾਇਕ ਬਣਨ ਦੇ ਸੁਪਨੇ ਪਾਲਦਾ। ਹਾਣੀਆਂ ਨੂੰ ਗੀਤ ਸੁਣਾ ਕੇ ਸ਼ੌਕ ਪੂਰ ਲੈਂਦਾ ਤੇ ਕਦੇ-ਕਦਾਈਂ ਕਿਸੇ ਵਿਆਹ ਵਿੱਚ ਸੇਹਰਾ ਵਗੈਰਾ ਪੜ੍ਹ ਛੱਡਦਾ। ਕਈ ਵਾਰ ਗੀਤਾਂ ਦੀ ਗੰਗਾ ਉਸ ਦੇ ਮਨ ਅੰਦਰ ਫੁੱਟਦੀ, ਪਰ ਉਸ ਗੰਗਾ ਨੂੰ ਉਹ ਕਾਗ਼ਜ਼ ਵੱਲ ਕਿਵੇਂ ਮੋੜੇ ਕਿਉਂਕਿ ਉਸ ਨੂੰ ਲਿਖਣਾ ਤਾਂ ਆਉਂਦਾ ਨਹੀਂ ਸੀ। ਸੋ ਉਹ ਕਦੇ ਕਿਸੇ ਨੂੰ ਬੋਲ-ਬੋਲ ਕੇ ਲਿਖਾਉਂਦਾ ਤੇ ਕਦੇ ਕਿਸੇ ਨੂੰ। ਮਸਤਾਨਾ ਇਸ ਗੱਲ ਨੂੰ ਕਬੂਲ ਕਰਨੋਂ ਨਹੀਂ ਝਕਦਾ ਕਿ ਜੇ ਮੰਦੀ ਆਰਥਿਕਤਾ ਨੇ ਉਸ ਨੂੰ ਅੱਗੇ ਵਧਣੋਂ ਰੋਕਿਆ ਤਾਂ ਅਨਪੜ੍ਹਤਾ ਨੇ ਵੀ ਇਸ ਵਿੱਚ ਬਣਦਾ ਯੋਗਦਾਨ ਪਾਇਆ। ਹੁਣ ਉਹ ਮੰਨਦਾ ਹੈ ਕਿ ਅੱਖਰ ਗਿਆਨ ਬਿਨਾਂ ਜ਼ਿੰਦਗੀ ਵਿੱਚ ਘੋਰ ਹਨੇਰਾ ਹੈ ਤੇ ਬੰਦੇ ਨੂੰ ਓ...ਅ...ਆਉਂਦਾ ਹੋਣਾ ਬਹੁਤ ਜ਼ਰੂਰੀ ਹੈ।

ਮਸਤਾਨੇ ਦਾ ਪਿਛੋਕੜ ਪਾਕਿਸਤਾਨੀ ਹੈ। ਲਾਇਲਪੁਰ ਜ਼ਿਲ੍ਹੇ ਦੇ ਪਿੰਡ ਔਲਖ ਵਿੱਚ ਉਨ੍ਹਾਂ ਦੇ ਵੱਡੇ-ਵਡੇਰੇ ਰਹਿੰਦੇ ਸਨ, ਪਰ ਵੰਡ ਪਿੱਛੋਂ ਪਰਿਵਾਰ ਮਖੂ ਨੇੜਲੇ ਪਿੰਡ ਸਲਾਮਾਬਾਦ ਆ ਕੇ ਵਸ ਗਿਆ। ਮਸਤਾਨਾ ਏਧਰ ਹੀ ਜੰਮਿਆ ਤੇ ਉਦੋਂ ਉਹ ਛੇ ਕੁ ਮਹੀਨਿਆਂ ਦਾ ਸੀ ਜਦੋਂ ਸਾਰਾ ਪਰਿਵਾਰ ਕੋਟਕਪੂਰੇ ਆ ਕੇ ਵਸ ਗਿਆ। ਮਸਤਾਨੇ ਦੇ ਪਿਤਾ ਜੀ ਖੇਤ ਮਜਦੂਰੀ ਦਾ ਕੰਮ ਕਰਦੇ ਸਨ ਤੇ ਚੜ੍ਹਦੀ ਜਵਾਨੀ ਉਸ ਨੇ ਵੀ ਲੋਕਾਂ ਦੇ ਖੇਤਾਂ ਲੇਖੇ ਲਾ ਦਿੱਤੀ। ਮਸਤਾਨੇ ਨੂੰ ਲਿਖਣ ਤੋਂ ਪਹਿਲਾਂ ਗਾਉਣ ਦਾ ਸ਼ੌਕ ਸੀ, ਪਰ ਉਸ ਨੂੰ ਇਹ ਨਹੀਂ ਸੀ ਪਤਾ ਹੁੰਦਾ ਕਿ ਕਿਹੜਾ ਗਾਣਾ ਕਿੱਥੇ ਗਾਉਣ ਵਾਲਾ ਹੈ। ਨਾਲ-ਨਾਲ ਉਹ ਝੱਸ ਪੂਰਾ ਕਰਨ ਲਈ ਤੁਕਬੰਦੀ ਵੀ ਕਰ ਲੈਂਦਾ। ਇੱਕ ਵਾਰ ਮਸਤਾਨਾ ਮੁਕਤਸਰ ਲੱਗੇ ਇੱਕ ਮੇਲੇ ਵਿੱਚ ਗਿਆ ਤੇ ਉਥੋਂ ਦਾ ਮਾਹੌਲ ਦੇਖ ਕੇ ਉਸ ਨੇ ਤੁਕਬੰਦੀ ਕੀਤੀ, 'ਦੋ ਕੂੰਜ ਪਤਲੀਆਂ ਮੇਲੇ ਵਿੱਚ ਮੁਟਿਆਰਾਂ ਵੇਖੀਆਂ ਮੈਂ, ਬਈ ਪੁੱਛੋ ਨਾ ਅੱਜ ਹੁਸਨ ਦੀਆਂ ਸਰਕਾਰਾਂ ਵੇਖੀਆਂ ਮੈਂ।' ਮਸਤਾਨੇ ਨੇ ਇਹ ਗੀਤ ਆਪਣੇ ਯਾਰਾਂ-ਦੋਸਤਾਂ ਨੂੰ ਸੁਣਾਇਆ ਤੇ ਸਭਨਾਂ ਤੋਂ ਪਾਸ ਕਰਵਾ ਕੇ ਇਹਨੂੰ ਨਿੱਕੀਆਂ-ਮੋਟੀਆਂ ਸਟੇਜਾਂ 'ਤੇ ਗਾਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਗਾਇਕੀ ਨਾਲੋਂ ਗੀਤਕਾਰੀ ਉਸ ਉੱਤੇ ਭਾਰੂ ਹੋਣ ਲੱਗੀ ਤੇ ਗੀਤਾਂ ਦੇ ਮੁੱਖੜੇ ਉਸ ਨੂੰ ਸੁੱਝਣ ਲੱਗੇ।

ਅਤੀਤ ਚੇਤੇ ਕਰਦਾ ਮਸਤਾਨਾ ਕਹਿੰਦਾ ਹੈ, 'ਸ਼ਾਇਦ ਮੈਂ ਗੀਤਕਾਰ ਨਾਲੋਂ ਵਧੀਆ ਗਵੱਈਆ ਬਣ ਜਾਂਦਾ, ਪਰ ਮਜਬੂਰੀਆਂ ਨੇ ਮੈਨੂੰ ਕਿਸੇ ਉਸਤਾਦ ਦੇ ਲੜ ਲੱਗ ਕੇ ਸਿੱਖਣ ਨਾ ਦਿੱਤਾ ਕਿਉਂਕਿ ਪਰਿਵਾਰ ਦੀ ਹਾਲਤ ਇਹੋ ਜਿਹੀ ਸੀ ਕਿ ਦਿਨ ਵੇਲੇ ਜਿਹੜੀ ਕਮਾਉਂਦੇ ਸਾਂ, ਆਥਣ ਵੇਲੇ ਉਹੀ ਖਾਂਦੇ ਸਾਂ।' ਸਮਾਂ ਆਪਣੀ ਚਾਲ ਚੱਲਦਾ ਗਿਆ ਤੇ ਮਸਤਾਨੇ ਦੇ ਗੀਤਾਂ ਵਿੱਚ ਨਿਖਾਰ ਆਉਂਦਾ ਗਿਆ। ਬਠਿੰਡੇ ਦੇ ਸਵਰਨ ਬਾਵਾ ਨਾਲ ਮਸਤਾਨੇ ਦੀ ਦੋਸਤੀ ਹੋ ਗਈ। ਮਸਤਾਨਾ ਉਸ ਨੂੰ ਗੀਤ ਦਿੰਦਾ ਤੇ ਬਾਵਾ ਉਨ੍ਹਾਂ ਨੂੰ ਸਟੇਜ 'ਤੇ ਗਾ ਛੱਡਦਾ। ਮਸਤਾਨੇ ਦਾ ਇੱਕ ਗੀਤ ਬਾਵੇ ਕੋਲੋਂ ਪਾਲੀ ਦੇਤਵਾਲੀਆ ਨੇ ਲੈ ਲਿਆ। ਇੱਕ ਵਾਰ ਜਦੋਂ ਪਾਲੀ ਜਗਮੋਹਣ ਕੌਰ ਤੇ ਕੇ.ਦੀਪ ਨੂੰ ਆਪਣੇ ਗੀਤ ਦੇਣ ਗਿਆ ਤਾਂ ਮਸਤਾਨੇ ਦਾ ਗੀਤ ਵੀ ਉਨ੍ਹਾਂ ਨੂੰ ਦੇ ਆਇਆ। ਜਗਮੋਹਣ ਤੇ ਕੇ.ਦੀਪ ਨੇ ਉਹ ਗੀਤ 'ਪੋਸਤੀ ਕਨੇਡਾ 'ਚ' ਤਵੇ ਵਿੱਚ ਗਾਇਆ, ਕੰਪਨੀ ਸੀ 'ਐਚ. ਐਮ.ਵੀ।' ਮਸਤਾਨੇ ਨੂੰ ਨਹੀਂ ਸੀ ਪਤਾ ਕਿ ਉਸ ਦਾ ਗੀਤ ਏਨੇ ਵੱਡੇ ਕਲਾਕਾਰ ਵੀ ਗਾ ਸਕਦੇ ਨੇ। ਇਹ ਉਸ ਦਾ ਰਿਕਾਰਡ ਹੋਇਆ ਪਹਿਲਾ ਗੀਤ ਸੀ। ਬੋਲ ਸਨ, 'ਬੁੜ੍ਹਾ ਵੀ ਕਹਿੰਦਾ ਆਈ ਲਵ ਯੂ, ਬੁੜ੍ਹੀ ਵੀ ਕਹਿੰਦੀ ਆਈ ਲਵ ਯੂ।' ਮੂਹਰਲੀਆਂ ਸਤਰਾਂ ਤੋਂ ਬੇਸ਼ੱਕ ਇਹ ਗੀਤ ਮਿਆਰੋਂ ਸੱਖਣਾ ਜਾਪਦਾ ਹੈ, ਪਰ ਅਸਲ ਵਿੱਚ ਇਹ ਹਕੀਕਤ ਬਿਆਨ ਕਰਨ ਵਾਲਾ ਗੀਤ ਸੀ, ਬੋਲ ਸਨ:

ਚਿੱਟੀ ਦਾੜ੍ਹੀ ਕਾਲੀ ਕਰਕੇ
ਲੱਭਦਾ ਬੁੜ੍ਹਾ ਜਵਾਨੀ,
ਕਾਲੀ ਐਨਕ ਲਾ
ਕੇ ਰੱਖਦੀ ਹੁਣ ਦੋਹਤਿਆਂ ਦੀ ਨਾਨੀ।
ਸ਼ਰਮ ਹਯਾ ਨੂੰ ਦੇਸ ਮੇਰੇ 'ਚੋਂ
ਜਾਂਦਾ ਕਿਤੇ ਉਡਾਈ ਲਵ ਯੂ,
ਬੁੜ੍ਹਾ ਵੀ ਕਹਿੰਦਾ ਆਈ ਲਵ
ਯੂ....।

ਇਹ ਗੀਤ ਕਾਫੀ ਚੱਲਿਆ ਤੇ 'ਐਚ.ਐਮ.ਵੀ' ਨੇ ਕਈ ਸਾਲ ਉਸ ਨੂੰ ਰਾਇਲਟੀ ਵੀ ਦਿੱਤੀ। ਖੇਤ ਮਜਦੂਰੀ ਛੱਡ ਕੇ ਮਸਤਾਨਾ ਰਿਕਸ਼ਾ ਚਲਾਉਣ ਲੱਗ ਗਿਆ ਤੇ ਜਿਹੜੇ ਚੌਂਕ ਵਿੱਚ ਉਹ ਰਿਕਸ਼ਾ ਖੜ੍ਹਾਉਂਦਾ ਹੁੰਦਾ ਸੀ, ਉਥੇ ਨਾਮਵਰ ਗਾਇਕਾਂ ਦਾ ਆਉਣ-ਜਾਣ ਲੱਗਾ ਰਹਿੰਦਾ। ਮਸਤਾਨੇ ਦਾ ਦੂਜਾ ਗੀਤ ਗੁਰਚਰਨ ਪੋਹਲੀ ਨੇ ਗਾਇਆ, 'ਔਹ ਜਾਂਦੀ ਮੇਰੇ ਯਾਰ ਦੀ ਗੱਡੀ, ਜਾਂਦੀ ਛਿੱਕਾਂ ਮਾਰਦੀ ਗੱਡੀ।' ਸਰਦੂਲ ਸਿਕੰਦਰ ਨੇ ਆਪਣੀ ਪਹਿਲੀ ਕੈਸਿਟ 'ਰੋਡਵੇਜ਼ ਦੀ ਲਾਰੀ' ਵਿੱਚ ਮਸਤਾਨੇ ਦਾ ਜਗਮੋਹਣ ਕੌਰ ਵਾਲਾ ਗੀਤ 'ਬੁੜ੍ਹਾ ਵੀ ਕਹਿੰਦਾ ਆਈ ਲਵ ਯੂ' ਮੁੜ ਗਾ ਦਿੱਤਾ। ਫ਼ਰਕ ਸਿਰਫ਼ ਏਨਾ ਸੀ ਕਿ ਜਗਮੋਹਣ ਤੇ ਕੇ.ਦੀਪ ਵਾਲਾ ਦੋਗਾਣਾ ਸੀ ਤੇ ਸਰਦੂਲ ਨੇ ਇਸ ਨੂੰ ਸੋਲੋ ਕਰਕੇ ਗਾਇਆ। ਕਮਾਲ ਦੀ ਗੱਲ ਇਹ ਰਹੀ ਕਿ ਇਹ ਗੀਤ ਮੁੜ ਸੁਪਰ ਹਿੱਟ ਹੋ ਗਿਆ। ਨਿਰਮਲ ਸਿੱਧੂ ਨੇ ਮਸਤਾਨੇ ਦਾ ਗੀਤ 'ਮੇਰੇ ਦਿਲ ਦਾ ਖਿਡੌਣਾ ਨਾਲ ਲੈ ਜਾ, ਕਦੇ-ਕਦੇ ਖੇਡ ਲਿਆ ਕਰੀਂ' ਗਾ ਕੇ ਪ੍ਰਸਿੱਧੀ ਖੱਟੀ। ਮਾਸਟਰ ਸਲੀਮ ਨੇ ਉਸ ਦਾ ਗੀਤ 'ਦਿਲਾਂ ਦੇ ਐਕਸੀਡੈਂਟ ਬੁਰੇ' ਗਾਇਆ ਤੇ ਇਸੇ ਗੀਤ ਨੂੰ ਕੈਸਿਟ ਦਾ ਟਾਈਟਲ ਬਣਾਇਆ ਗਿਆ। ਸਰਬਜੀਤ ਕੌਰ 'ਕੋਕੇ ਵਾਲੀ' ਨੇ ਉਸ ਦਾ ਲਿਖਿਆ ਗੀਤ 'ਲੌਂਗ ਘੜਾਇਆ ਮਾਹੀ ਨੇ ਮੇਰੇ ਨੱਕ ਤੋਂ ਪਿਆ ਲਿਸ਼ਕਾਰਾ' ਤੇ ਮੇਜਰ ਮਹਿਰਮ ਨੇ 'ਗ਼ਮ ਦਿੱਤੇ ਸੱਜਣਾਂ ਨੇ' ਗਾਇਆ। ਅਜੈਬ ਤੇਜੀ, ਰਣਜੋਧ ਅਲੀ, ਜੀਤੀ ਅਟਵਾਲ ਤੇ ਦਰਜਨਾਂ ਹੋਰ ਨਵੇਂ ਗਾਇਕਾਂ ਨੇ ਉਸ ਦੇ ਗੀਤ ਗਾਏ।

ਮਸਤਾਨਾ ਸਿਰਫ਼ ਕਮਰਸ਼ੀਅਲ ਗੀਤਾਂ ਦਾ ਸਿਰਜਕ ਨਹੀਂ, ਸਗੋਂ ਸਮਾਜਿਕ ਪੱਖਾਂ ਨੂੰ ਉਭਾਰਦੇ ਗੀਤਾਂ 'ਤੇ ਵੀ ਉਸ ਨੇ ਰੱਜ ਕੇ ਕਲਮ ਘਸਾਈ ਕੀਤੀ। ਬੱਚਿਆਂ ਨੂੰ ਸੇਧ ਦੇਣ ਵਾਲੇ ਉਸ ਦੇ ਗੀਤ 'ਵੱਡੇ ਹੋ ਕੇ ਮੰਜ਼ਲ ਜੇ ਪਾਉਣੀ, ਨਸ਼ਿਆਂ ਤੋਂ ਦੂਰ ਰਹੋ' ਦੀ ਖ਼ੂਬ ਚਰਚਾ ਹੋਈ। ਇਸ ਤੋਂ ਇਲਾਵਾ 'ਵੇਖੋ ਇੱਕ ਮੁਟਿਆਰ ਤੋਂ ਗੱਭਰੂ ਖੋਹ ਲਿਆ ਨਸ਼ਿਆਂ ਨੇ' ਤੇ 'ਉਹ ਵੀ ਤਾਂ ਨੇ ਧੀਆਂ ਵੇਖ ਸੱਸੇ ਮੇਰੀਏ ਨੀਂ, ਮੁੜੀਆਂ ਜੋ ਚੰਦ ਉਤੇ ਜਾ ਕੇ' ਗੀਤ ਲਿਖ ਕੇ ਉਸ ਨੇ ਸ਼ੋਭਾ ਖੱਟੀ।

ਮਸਤਾਨਾ ਹੁਣ ਤੱਕ ਦੋ ਕੁ ਹਜ਼ਾਰ ਗੀਤ ਸਿਰਜ ਚੁੱਕਾ ਹੈ ਤੇ ਉਨ੍ਹਾਂ 'ਚੋਂ ਦੋ ਸੌ ਦੇ ਕਰੀਬ ਵੱਖ-ਵੱਖ ਨਵੇਂ-ਪੁਰਾਣੇ ਗਾਇਕਾਂ ਦੀ ਅਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ। ਕਈ ਫ਼ਿਲਮਾਂ ਲਈ ਅਮਰ ਸਿੰਘ ਮਸਤਾਨਾ ਨੇ ਗੀਤ ਲਿਖੇ। 'ਬਿਸ਼ਨੋ ਜੱਟੀ' ਫ਼ਿਲਮ ਵਿੱਚ ਮਹਿੰਦਰ ਕਪੂਰ ਨੇ ਮਸਤਾਨੇ ਦਾ ਗੀਤ 'ਜਦ ਦੇ ਬੁੜ੍ਹੇ ਹੋਏ, ਗੋਡੇ ਜੁੜੇ ਹੋਏ' ਗਾਇਆ। ਇਸੇ ਫ਼ਿਲਮ ਵਿੱਚ ਸਵਿਤਾ ਸਾਥੀ ਨੇ ਉਸ ਦਾ 'ਤੂੰ ਵੀ ਤਾਂ ਕਦੇ ਰੋਵੇਂਗਾ ਸੱਜਣਾ, ਜੇ ਅਸੀਂ ਤੇਰੀ ਯਾਦ ਵਿੱਚ ਰੋਵਾਂਗੇ' ਗਾਇਆ। ਇਸ ਤੋਂ ਇਲਾਵਾ ਉਸ ਨੇ 'ਧਰਮ ਜੱਟ ਦਾ' ਤੇ 'ਪੰਜਾਬ 1947' ਫ਼ਿਲਮਾਂ ਲਈ ਵੀ ਗੀਤ ਲਿਖੇ ਤੇ ਕਈ ਟੈਲੀਫ਼ਿਲਮਾਂ ਵਿੱਚ ਵੀ ਉਸ ਦੇ ਗੀਤ ਵੱਖ-ਵੱਖ ਗਾਇਕਾਂ ਦੀ ਅਵਾਜ਼ ਵਿੱਚ ਆਏ।

ਅਮਰ ਸਿੰਘ ਮਸਤਾਨਾ ਦੱਸਦਾ ਹੈ, 'ਮੇਰੀ ਗਾਇਕੀ ਦਾ ਅਸਲ ਸਫ਼ਰ 'ਪੰਜਾਬ 1947' ਫ਼ਿਲਮ ਤੋਂ ਸ਼ੁਰੂ ਹੋਇਆ। ਇਹ ਫ਼ਿਲਮ ਬੇਸ਼ੱਕ ਡੱਬਾਬੰਦ ਰਹੀ, ਪਰ ਇਸ ਦੀ ਕੈਸਿਟ 'ਵੀਨਸ ਕੰਪਨੀ' ਨੇ ਰਿਲੀਜ਼ ਕੀਤੀ ਸੀ। ਇਸ ਵਿਚਲੇ ਮੇਰੇ ਗੀਤ 'ਤੂੰ ਮੇਰੀ ਕਮਲੀ ਤੇ ਮੈਂ ਤੇਰਾ ਕਮਲਾ' ਨੂੰ ਯੋਗਰਾਜ ਤੇ ਨੀਨਾ ਸਿੱਧੂ 'ਤੇ ਫ਼ਿਲਮਾਇਆ ਗਿਆ ਸੀ।' ਜਦੋਂ ਮਸਤਾਨੇ ਨੂੰ ਗੀਤਕਾਰੀ ਵਿੱਚੋਂ ਭਵਿੱਖ ਨਜ਼ਰ ਆਉਂਦਾ ਨਾ ਦਿਸਿਆ ਤਾਂ ਉਸ ਨੇ ਕਮਰਸ਼ੀਅਲ ਗਾਇਕ ਬਣਨ ਦਾ ਮਨ ਬਣਾਇਆ। ਉਸ ਨੇ ਕੈਸਿਟ ਜਗਤ ਵੱਲ ਉਡਾਰੀ ਭਰੀ, ਪਰ ਮਾਇਆ ਦੀ ਘਾਟ ਨੇ ਉਸ ਦੇ ਖੰਭ ਕੁਤਰ ਛੱਡੇ। ਉਸ ਦੀ ਪਹਿਲੀ ਕੈਸਿਟ ਦਾ ਸੰਗੀਤ ਅਤੁਲ ਸ਼ਰਮਾ ਨੇ ਤਿਆਰ ਕੀਤਾ, ਪਰ 'ਪਰਲਜ਼ ਕੰਪਨੀ' ਨੇ ਉਹ ਕੈਸਿਟ ਕਿਸੇ ਕਾਰਨ ਰਿਲੀਜ਼ ਨਾ ਕੀਤੀ। ਪੈਸੇ ਨਾ ਹੋਣ ਦੇ ਬਾਵਜੂਦ ਉਸ ਨੇ ਮੁੜ ਹੰਭਲਾ ਮਾਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਕੈਸਿਟ ਦੀ ਰਿਕਾਰਡਿੰਗ ਡੈੱਕ 'ਤੇ ਕੀਤੀ ਤੇ ਫ਼ਰੀਦਕੋਟ ਦੇ 'ਸੁਖੀਜਾ ਸਾਊਂਡ' ਵਾਲਿਆਂ ਨੇ ਉਸ ਨੂੰ 'ਕਾਕਾ ਕਰੇ ਪਾਪਾ ਪਾਪਾ' ਦਾ ਨਾਂ ਦੇ ਕੇ ਰਿਲੀਜ਼ ਕਰ ਦਿੱਤਾ। ਚੰਗੇ ਗੀਤ ਹੋਣ ਦੇ ਬਾਵਜੂਦ ਇਹ ਕੈਸਿਟ ਮੂਹਰੇ ਆਉਣ ਵਿੱਚ ਕਾਮਯਾਬ ਨਾ ਹੋਈ ਕਿਉਂਕਿ ਚਰਚਾ ਕਰਾਉਣ ਲਈ ਵੀ ਤਾਂ ਪੈਸਾ ਚਾਹੀਦਾ ਸੀ। ਉਸ ਤੋਂ ਬਾਅਦ ਮਸਤਾਨੇ ਦੀ 'ਤੁਸੀਂ ਲੱਖਾਂ ਵਿੱਚੋਂ ਸੋਹਣੇ' ਕੈਸਿਟ ਆਈ, ਜਿਸ ਨਾਲ ਮੁੜ ਉਹੀ ਭਾਣਾ ਵਾਪਰਿਆ, ਜਿਹੜਾ ਮਾਇਆ ਦੀ ਘਾਟ ਕਾਰਨ ਪਹਿਲੀ ਨਾਲ ਵਾਪਰਿਆ ਸੀ।

ਮਸਤਾਨੇ ਦਾ ਵਿਆਹ 1971 ਵਿੱਚ ਮਨਜੀਤ ਕੌਰ ਨਾਲ ਹੋਇਆ। ਉਸ ਦੇ ਘਰ ਤਿੰਨ ਬੇਟੀਆਂ ਤੇ ਤਿੰਨ ਬੇਟਿਆਂ ਨੇ ਜਨਮ ਲਿਆ।

ਹੁਣ ਮਸਤਾਨੇ ਦੇ ਤਿੰਨੋਂ ਮੁੰਡੇ ਜਵਾਨ ਹੋ ਗਏ ਹਨ। ਸਾਰੇ ਵਿਆਹੇ ਹਨ ਤੇ ਰੋਟੀ-ਟੁੱਕ ਦੇ ਜੁਗਾੜ ਵਿੱਚ ਜੁਟੇ ਹੋਏ ਹਨ। ਮਸਤਾਨਾ ਹੁਣ ਵੀ ਗੀਤ ਘੜਦਾ ਰਹਿੰਦਾ ਹੈ ਤੇ ਲਿਖਣ ਲਈ ਉਹ ਆਪਣੇ ਮੁੰਡੇ ਹਰਪਾਲ ਦਾ ਸਹਿਯੋਗ ਲੈ ਲੈਂਦਾ ਹੈ। ਜਦੋਂ ਉਹ ਰਿਕਸ਼ਾ ਚਲਾਉਂਦਾ ਸੀ, ਉਦੋਂ ਉਸ ਦਾ ਸਾਥੀ ਸਰਦੂਲ ਸਿੰਘ ਉਸ ਦੇ ਗੀਤ ਕਾਪੀ 'ਤੇ ਉਤਾਰਦਾ ਸੀ। ਸ਼ੌਕ ਪੂਰਾ ਕਰਨ ਲਈ ਹੁਣ ਉਹ ਟੈਲੀਫ਼ਿਲਮਾਂ ਵਿੱਚ ਅਦਾਕਾਰੀ ਕਰ ਲੈਂਦਾ ਹੈ। ਥੋੜ੍ਹੀ ਦੇਰ ਪਹਿਲਾਂ ਉਸ ਨੇ 'ਘਾਲਾ ਮਾਲਾ' ਤੇ 'ਮਾਂ ਦਾ ਧਰਮਿੰਦਰ' ਟੈਲੀਫ਼ਿਲਮਾਂ ਦੇ ਗੀਤ ਲਿਖੇ ਹਨ।

ਮਨ ਦੀਆਂ ਤਹਿਆਂ ਫਰੋਲਦਿਆਂ ਮਸਤਾਨਾ ਕਹਿੰਦਾ ਹੈ ਕਿ ਜਿਨ੍ਹਾਂ ਗਾਇਕਾਂ ਲਈ ਮੈਂ ਗੀਤ ਲਿਖਦਾ ਰਿਹਾ, ਉਨ੍ਹਾਂ ਨੇ ਅੱਜ ਤੱਕ ਮੇਰੀ ਸਾਰ ਨਹੀਂ ਲਈ। ਪਿੱਠ ਵਿਖਾਉਣ ਵਾਲੇ ਗਾਇਕਾਂ ਦਾ ਨਾਂ ਲਏ ਬਗੈਰ ਉਹ ਗੱਲਾਂ-ਗੱਲਾਂ ਵਿੱਚ ਸਭ ਕੁੱਝ ਸਮਝਾ ਜਾਂਦਾ ਹੈ। ਉਹ ਆਖਦਾ ਹੈ, 'ਕਈ ਗਾਇਕ ਪੰਜ-ਸੱਤ ਸੌ ਰੁਪਿਆ ਤਲੀ 'ਤੇ ਰੱਖ ਦੇ ਤੁਰਦੇ ਬਣਦੇ ਸਨ, ਪਰ ਤੁਸੀਂ ਆਪ ਸੋਚੋ ਏਨੇ ਮਹਿੰਗਾਈ ਵਾਲੇ ਜ਼ਮਾਨੇ ਵਿੱਚ ਏਨੇ ਕੁ ਨਾਲ ਕੀ ਬਣਦੈ ?'

ਨਿਰਮਲ ਸਿੱਧੂ ਨੇ ਉਸ ਦੀ ਕੁੜੀ ਦੇ ਵਿਆਹ 'ਤੇ ਮੱਦਦ ਕੀਤੀ ਤੇ ਉਸ ਦਾ ਜੁੰਡੀ ਦਾ ਯਾਰ ਗੁਰਮੀਤ ਸਾਜਨ ਉਸ ਦੀ ਸੱਜੀ ਬਾਂਹ ਬਣ ਕੇ ਹਰ ਥਾਂ ਖੜ੍ਹਦਾ ਹੈ। ਮਸਤਾਨੇ ਮੁਤਾਬਕ, 'ਨਿਆਣਿਆਂ 'ਚੋਂ ਕਿਸੇ ਨੂੰ ਵੀ ਗਾਉਣ ਜਾਂ ਲਿਖਣ ਦਾ ਸ਼ੌਕ ਨਹੀਂ ਤੇ ਨਾ ਹੀ ਉਸ ਨੇ ਕਦੇ ਉਨ੍ਹਾਂ ਅੰਦਰ ਇਹ ਸ਼ੌਕ ਜਗਾਉਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਉਸਨੂੰ ਪਤਾ ਹੈ ਕਿ ਜੇ ਮੇਰਾ ਕੁੱਝ ਨਹੀਂ ਬਣਿਆ ਤਾਂ ਇਨ੍ਹਾਂ ਦਾ ਕੀ ਬਣਨਾ ਏ ?' ਮਸਤਾਨੇ ਨੂੰ ਪੰਜਾਬ ਦੇ ਅਨੇਕਾਂ ਸੱਭਿਆਚਾਰਕ ਮੇਲਿਆਂ 'ਤੇ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਸੋਸਾਇਟੀਆਂ ਨੇ ਉਸ ਦੀ ਝੋਲੀ ਸ਼ੀਲਡਾਂ ਨਾਲ ਭਰੀ। ਉਸ ਨੂੰ ਦੁੱਖ ਇਸ ਗੱਲ ਦਾ ਹੈ ਕਿ ਮੇਲਿਆਂ 'ਤੇ ਉਸ ਨੂੰ ਸਨਮਾਨਿਤ ਕਰਨ ਲਈ ਬੁਲਾ ਵੀ ਲਿਆ ਜਾਂਦਾ ਹੈ, ਪਰ ਆਥਣ ਵੇਲੇ 'ਲੱਕੜ ਦਾ ਕੁੱਕੜ' ਜਿਹਾ ਫੜਾ ਕੇ ਤੋਰ ਦਿੱਤਾ ਜਾਂਦਾ ਹੈ, ਪੈਸਾ-ਟਕਾ ਮੇਲੇ ਵਾਲਿਆਂ ਨੇ ਦੇਣਾ ਤਾਂ ਕਾਹਦਾ ਹੁੰਦਾ ਹੈ, ਕੋਲ ਪਿਆ ਸੌ-ਦੋ ਸੌ ਵੀ ਲੱਗ ਜਾਂਦਾ ਹੈ।

ਮਸਤਾਨਾ ਕਹਿੰਦਾ ਹੈ, 'ਜੇ ਮੇਰੀ ਆਰਥਿਕਤਾ ਚੰਗੀ ਹੁੰਦੀ ਤੇ ਮੈਂ ਸਾਧਨ ਵਿਹੂਣਾ ਨਾ ਹੁੰਦਾ ਤਾਂ ਜਿਵੇਂ ਮੇਰੇ ਤਿੰਨ-ਚਾਰ ਗੀਤ ਹਿੱਟ ਹੋ ਗਏ ਸਨ, ਮੈਂ ਘਰ-ਬਾਰ ਛੱਡ ਕੇ ਕਲਾਕਾਰਾਂ ਦੀ ਮੰਡੀ ਵਿੱਚ ਰਹਿਣ ਲੱਗ ਜਾਂਦਾ ਤੇ ਮੇਰਾ ਨਾਂ ਕਿਤੇ ਦਾ ਕਿਤੇ ਪਹੁੰਚ ਜਾਂਦਾ। ਪਰ ਮੇਰੇ ਕੋਲ ਤਾਂ ਬੱਸ ਦੇ ਕਿਰਾਏ ਜੋਗੇ ਪੈਸੇ ਵੀ ਨਹੀਂ ਸਨ ਹੁੰਦੇ। ਇੱਕ ਵਾਰ ਜਿਹੜਾ ਮੈਥੋਂ ਗੀਤ ਲੈ ਜਾਂਦਾ, ਉਸ ਕੋਲ ਫੇਰ ਜਾਣ ਦਾ ਸਬੱਬ ਨਾ ਬਣਦਾ ਤੇ ਇਸੇ ਕਮਜ਼ੋਰੀ ਨੇ ਮੇਰੀਆਂ ਸਧਰਾਂ ਲਿਤਾੜੀ ਰੱਖੀਆਂ।'

ਹੁਣ ਵੀ ਜਦੋਂ ਕੋਈ ਗਾਇਕ ਮਸਤਾਨੇ ਦੇ ਪੈਰੀਂ ਹੱਥ ਲਾ ਕੇ ਵਿਚਾਰਾ ਜਿਹਾ ਬਣ ਕੇ ਉਸ ਕੋਲੋਂ ਗੀਤ ਮੰਗਦੈ ਤਾਂ ਉਹ ਗੀਤਾਂ ਵਾਲੀ ਕਾਪੀ ਉਹ ਦੇ ਮੂਹਰੇ ਧਰ ਦਿੰਦੈ। ਬੇਸ਼ੱਕ ਉਸ ਨੂੰ ਇਹ ਵੀ ਪਤੈ ਕਿ ਜਦੋਂ ਇਹ ਕਲਾਕਾਰ ਕੁੱਝ ਬਣ ਗਿਆ, ਇਸ ਨੇ ਉਸ ਦੀ ਬਾਤ ਤੱਕ ਨਹੀਂ ਪੁੱਛਣੀ, ਪਰ ਵਪਾਰੀ ਬਣ ਕੇ ਚੱਲਣਾ ਮਸਤਾਨੇ ਦੇ ਵੱਸ ਦੀ ਗੱਲ ਨਹੀਂ।

ਬੀਤੇ 'ਤੇ ਉਹ ਮਿੱਟੀ ਪਾਉਣੀ ਬੇਹਤਰ ਸਮਝਦੈ ਤੇ ਭਵਿੱਖ 'ਚ ਉਸ ਨੂੰ ਕੁਦਰਤੀ ਕ੍ਰਿਸ਼ਮਾ ਹੋਣ ਦੀ ਕੋਈ ਉਮੀਦ ਨਹੀਂ। ਉਹ ਆਖਦੈ, 'ਬੰਦੇ ਦਾ ਵੱਡਾ ਮਸਲਾ ਤਾਂ ਰੋਟੀ ਹੁੰਦੈ, ਜਿਹੜੀ ਰੁੱਖੀ-ਸੁੱਖੀ ਮਿਲੀ ਜਾਂਦੀ ਐ, ਰੱਬ ਦਾ ਨਾਂ ਲੈ ਕੇ ਖਾ ਲਈਦੀ ਐ। ਨਾਲੇ ਇਹ ਤਾਂ ਪੰਜਾਬੀਆਂ ਦੀ ਫ਼ਿਤਰਤ ਹੈ ਕਿ ਕਲਾ ਵਾਲਿਆਂ ਦੀ ਇਨ੍ਹਾਂ ਨੇ ਕਦੇ ਕਦਰ ਨਹੀਂ ਕੀਤੀ ਤੇ ਢਕਵੰਜ ਰਚਣ ਵਾਲਿਆਂ ਨੂੰ ਇਨ੍ਹਾਂ ਨੇ ਦਿਨਾਂ ਵਿੱਚ ਹੀ ਅਸਮਾਨ 'ਤੇ ਪੁਚਾ ਦਿੱਤਾ।'

– ਸਵਰਨ ਸਿੰਘ ਟਹਿਣਾ

# ਇੱਕ ਲਾਲ ਦਹਾਕਾ



ਮੈਂ ਇੱਕ ਬੜੇ ਹੀ ਦੁਖਦਾਈ ਸਮੇਂ ਦੀ ਗੱਲ ਕਰਨ ਲੱਗੀ ਹਾਂ ,ਜਿਸ ਬਾਰੇ ਬਹੁਤ ਕੁਝ ਲਿਖਿਆ ,ਬੋਲਿਆ ਤੇ ਫ਼ਿਲਮਾਇਆ ਗਿਆ ਹੈ। ਇਸ ਵਿੱਚ ਬਹੁਤ ਕੁਝ ਸੱਚ ਹੈ ਤੇ ਬਹੁਤ ਕੁਝ ਨੂੰ ਆਪਣੀ ਰੜਕ ਕੱਢਣ ਲਈ ਵੱਖ ਵੱਖ ਸਮਾਜਿਕ ਗਰੁੱਪਾਂ ਨੇ ਆਪਣੇ ਨਾਲ ਹੋਈ ਜ਼ਿਆਦਤੀ ਦਾ ਮੁਲੱਮਾ ਵਧਾ ਚੜ੍ਹਾ ਕੇ ਪੇਸ਼ ਕੀਤਾ ਹੈ। ਮੈਂ ਫਿਰ ਕਹਿਣਾ ਚਾਹੁੰਦੀ ਹਾਂ ਕਿ ਇਨਸਾਨੀਅਤ ਦਾ ਜੋ ਘਾਣ ਉਸ ਦਹਾਕੇ ਵਿੱਚ ਹੋਇਆ, ਉਹ ਦਾ ਦਰਦ ਕਿਸੇ ਇੱਕ ਭਾਈਚਾਰੇ ਨੇ ਨਹੀਂ ਹੰਢਾਇਆ,ਸਗੋਂ ਇਸ ਵਿੱਚ ਸਾਰੀ ਲੋਕਾਈ ਬਰਾਬਰ ਦੇ ਦਰਦ ਦੀ ਭਾਗੀਦਾਰ ਸੀ ।ਇਹ 1984-1994 ਵਾਲਾ ਉਹ ਸਮਾਂ ਸੀ ਜਿਸ ਵਿੱਚ ਇਨਸਾਨੀਅਤ ਦਾ ਲੱਗਭੱਗ ਸਾਰੇ ਹੀ ਭਾਰਤ ਵਿੱਚ ਕਿਸੇ ਨਾ ਕਿਸੇ ਤਰਾਂ ਜਾਨੀ,ਮਾਲੀ ਤੇ ਨਫ਼ਰਤਾਂ ਦੇ ਰੁੱਖ ਲਾਉਣ ਜਿਹਾ ਨੁਕਸਾਨ ਹੋਇਆ ਸੀ । ਇਹ ਗੁਰੂ ਰਾਮ ਦਾਸ ਮਹਾਰਾਜ ਦੀ ਪਵਿੱਤਰ ਨਗਰੀ ,ਸ੍ਰੀ ਅੰਮ੍ਰਿਤਸਰ ਸਾਹਿਬ ,ਸ੍ਰੀ ਦਰਬਾਰ ਸਾਹਿਬ ਤੋਂ ਆਰੰਭ ਹੋਇਆ ਉਹ ਮਨਹੂਸ ਸਾਕਾ ਸੀ ਜਿਸ ਨੇ ਇਨਸਾਨੀਅਤ ਤੇ ਪਵਿੱਤਰ ਖਾਲਸਾ ਪੰਥ ਨੂੰ ਬੁਰੀ ਤਰਾਂ ਤਾਰ ਤਾਰ ਕਰਕੇ ਸਿੱਖ ਧਰਮ ਦੀ ਆਸਥਾ ਰੱਖਣ ਵਾਲਿਆਂ ਦੀਆਂ ਰੂਹਾਂ ਲਹੂ ਲੁਹਾਨ ਕਰ ਛੱਡੀਆਂ ਸਨ। ਜੇ ਥੋੜਾ ਜਿਹਾ ਇਸ ਤੋਂ ਪਿਛਾਂਹ,70ਵਿਆਂ ਵੱਲ ਝਾਤ ਮਾਰੀਏ ਤਾਂ ਹਰ ਰੋਜ ਸਕਾਈਲੈਬ ਦੇ ਡਿੱਗਣ ਦਾ ਖਤਰਾ ਤੇ ਇਸ ਤੋਂ ਦਹਿਲੀ ਹੋਈ ਤਰਾਹ ਤਰਾਹਿ ਕਰਦੀ ਦੁਨੀਆਂ ਤੇ ਫਿਰ 94ਵਿਆਂ ਤੋਂ ਬਾਅਦ ਕਾਲਜਿਜ਼ ਵਿੱਚ ਚੰਦਰ ਸ਼ੇਖਰ ਤੇ ਵੀ ਪੀ ਸਿੰਘ ਦੀ ਸਰਕਾਰ ਸਮੇਂ,ਜਬਰਦਸਤੀ ਦੀ ਠੋਸੀ ਰਿਜ਼ਰਵੇਸ਼ਨ ਕਾਰਨ ਵਿਦਿਆਰਥੀਆਂ ਦਾ ਵੱਢੇ ਪੱਧਰ ਤੇ ਆਤਮਦਾਹ ਦੀਆਂ ਘਟਨਾਵਾਂ।ਇਸ ਸਭ ਕੁਝ ਨੇ ਆਸਮਾਨ ਨੂੰ ਲਾਲ ਰੰਗਤ ਦੇ ਦਿੱਤੀ ਸੀ, ਇਦਾਂ ਲੱਗਦਾ ਸੀ ਜਿਵੇਂ ਰੱਬ ਵੀ ਬੰਦੇ ਦੇ ਕਾਰਨਾਮਿਆਂ ਤੋਂ ਬੇਹੱਦ ਗੁੱਸੇ ਹੋਵੇ।

ਨੀਲਾ ਤਾਰਾ ਇੱਕ ਮਨਹੂਸ ਸਾਕਾ :-

ਇਹ ਜੂਨ 3/4, 1984 ਦੀ ਰਾਤ ਸੀ।ਲੋਹੜੇ ਦੀ ਗਰਮੀ ਤੇ ਹੋਸਟਲ ਦਾ ਟ੍ਰਾਂਸਫਾਰਮਰ ਵੀ ਸੜ ਚੁੱਕਿਆ ਸੀ ਹੁਣ ਸਾਡੇ ਕੋਲ ਟੈਰੇਸ ਉਤੇ ਸੌਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਕਿਉਂਕਿ ਕਮਰੇ ਬਹੁਤ ਛੋਟੇ ਤੇ ਹਵਾ ਦੇ ਵੈਰੀ ਸਨ।ਹੋਰ ਤਾਂ ਹੋਰ ਬੈੱਡ ਦੀਆਂ ਚਾਦਰਾਂ ਵਿੱਚੋਂ ਵੀ ਚੰਗਿਆੜੇ ਨਿਕਲਦੇ ਸਨ।ਇਲੈਕਟਰੀਸ਼ਨ ਨੇ ਤਾਂ ਹੁਣ ਸਵੇਰੇ ਹੀ ਆਉਣਾ ਸੀ।ਸੋ ਅਸੀ ਹੌਸਟਲ ਦੀਆਂ ਛੱਤਾਂ ਤੇ ਸੌਣ ਦੀ ਤਿਆਰੀ ਕਰਨ ਲੱਗੀਆਂ।ਅਜੇ ਮਸਾਂ ਪੰਜ ਕੁ ਮਿੰਟ ਲੰਘੇ ਹੋਣੇ ਕਿ ਪਟਾਕਿਆਂ ਜਿਹੀਆਂ ਆਵਾਜ਼ਾਂ ਸਾਡੇ ਕੰਨਾਂ ਨੂੰ ਟਕਰਾਈਆਂ,ਇਹ ਅਵਾਜ਼ਾਂ ਕਾਫੀ ਨੇੜੇ ਤੋਂ ਆ ਰਹੀਆਂ ਸਨ।ਇਹ ਸੁਣਦੇ ਸਾਰ ਹੀ ਅਸੀਂ ਸਾਰੀਆਂ ਵਿਦਿਆਰਥਣਾਂ ਡਰ ਨਾਲ ਕੰਬਕੇ ਖੜੀਆਂ ਹੋ ਗਈਆਂ ਤੇ ਉਸ ਦਿਸ਼ਾ ਵੱਲ ਦੇਖਣ ਲੱਗੀਆਂ ਜਿੱਧਰੋਂ ਇਹ ਅਵਾਜ਼ਾਂ ਆ ਰਹੀਆਂ ਸਨ, ਹੁਣ ਇਹ ਅਵਾਜ਼ਾਂ ਹੋਰ ਵੀ ਸਾਫ ਤੇ ਉੱਚੀਆਂ ਸੁਨਣ ਲੱਗ ਪਈਆਂ ਸਨ, ਜਿਹੜੇ ਕਿ ਬੰਬ ਤੇ ਰਾਇਫਲਾਂ ਦੀਆਂ ਗੋਲੀਆਂ ਸਨ ,ਸਾਡੇ ਹੋਸਟਲ ਤੋਂ 3-4 ਕਿਲੋਮੀਟਰ ਦੂਰ , ਹਰਿਮੰਦਿਰ ਸਾਹਿਬ ,ਦਰਬਾਰ ਸਾਹਿਬ ਤੋਂ ਆਉਂਦੀਆਂ ਪ੍ਰਤੀਤ ਹੁੰਦੀਆਂ ਸਨ। ਇਕ ਅਜੀਬ ਚੀਜ਼ ਜਿਹੜੀ ਅਸੀਂ ਦੇਖੀ, ਉਹ ਰੰਗ ਬਰੰਗੇ ਹਾਈਡ੍ਰੋਜਨ ਦੇ ਗੁਬਾਰੇ ਥੋੜੀ ਥੋੜੀ ਦੇਰ ਬਾਅਦ ਉੱਡਦੇ ਤੇ ਫਿਰ ਗੁੰਮ ਹੋ ਜਾਂਦੇ। ਜੋ ਅਸੀਂ ਰਾਤ ਸੋਚਿਆ ਸੀ ਸਵੇਰੇ ਉਹ ਦਰਦ ਭਰਿਆ ਸੱਚ ਬਲੈਕ ਆਊਟ ਤੇ ਸ਼ੂਟ ਐਟ ਸਾਈਟ ਦੇ ਆਰਡਰ ਨੇ ਤਸਦੀਕ ਕਰ ਦਿੱਤਾ ਸੀ।ਚਾਰੇ ਪਾਸੇ ਪੁਲਿਸ, ਬੀ ਐਸ ਐਫ ਤੇ ਆਰਮੀ ਤੇ ਉਨਾਂ ਦੀਆਂ ਗੱਡੀਆਂ ਹੀ ਘੂਕਦੀਆਂ ਸਨ। ਸੜਕਾਂ ਤੇ ਬੰਦਾ ਜਾਂ ਬੰਦੇ ਦਾ ਪਰਛਾਂਵਾਂ ਵੀ ਨਹੀਂ ਨਜ਼ਰ ਆ ਰਿਹਾ ਸੀ।ਇਹ ਉਹੀ ਅਮ੍ਰਿਤਸਰ ਸੀ ਜਿਥੇ ਚੌਵੀ ਘੰਟੇ ਰੌਣਕਾਂ ਲੱਗੀਆਂ ਰਹਿੰਦੀਆਂ ਤੇ ਚਹਿਲ ਪਹਿਲ ਵਸਦੀ ਸੀ।ਸੂਰਜ ਡੁੱਬਦਿਆਂ ਹੀ ਹਨੇਰਾ ਸਾਰੇ ਨਗਰ ਨੂੰ ਇਵੇਂ ਜਕੜ ਲੈਂਦਾ, ਜਿਵੇਂ ਕੋਈ ਪਿਸ਼ਾਚ ਕਿਸੇ ਨਿੱਕੇ ਜਿਹੇ ਬੱਚੇ ਨੂੰ ਦਬੋਚ ਲੈਂਦਾ ਹੋਵੇ।ਗੁਰੂ ਰਾਮਦਾਸ ਜੀ ਦੀ ਘੁੱਗ ਵਸਦੀ ਨਗਰੀ ਇੱਕ ਦਮ ਚੁੱਪ ਤੇ ਗ੍ਰਸਿਤ ਲੱਗਦੀ ਸੀ।ਕਹਿਣਾ ਬਹੁਤ ਮੁਸ਼ਕਲ ਹੈ ਪਰ ਹਕੀਕਤ ਹੈ ,ਉਸ ਸਮੇ ਦਾ ਮੰਜ਼ਰ ਕਿਸੇ ਸ਼ਮਸ਼ਾਨ ਨਾਲ਼ੋਂ ਘੱਟ ਨਹੀਂ ਸੀ।ਹਕੀਕਤ ਵਿੱਚ ਕੋਈ ਵੀ ਕਿਸੇ ਨਾਲ ਇਸ ਘਿਨੌਣੀ ਘਟਨਾ ਬਾਰੇ ਗੱਲ ਕਰਨ ਤੋਂ ਡਰਦਾ ਸੀ,ਜਿਸ ਕਰਕੇ ਦਰਬਾਰ ਸਾਹਿਬ ਵਿੱਚ ਵਾਪਰਿਆ ਸਾਕਾ ਆਮ ਇਨਸਾਨ ਨੂੰ ਪਤਾ ਹੀ ਨਹੀਂ ਸੀ।

ਪੰਦਰਾਂ ਕੁਝ ਦਿਨਾਂ ਤੱਕ ਸਾਡੇ ਹੋਸਟਲ ਵਿਚਲਾ ਰਾਸ਼ਨ ਖਤਮ ਹੋ ਗਿਆ ਤੇ ਭੁੱਖੇ ਮਰਨ ਦੀ ਨੌਬਤ ਆ ਗਈ,ਇਹ ਹਾਲਾਤ ਹਰ ਪਰਿਵਾਰ ਤੇ ਅਦਾਰੇ ਦੀ ਹੋ ਚੁੱਕੀ ਸੀ ,ਹੁਣ ਗੁਰੂ ਤੇਗ ਬਹਾਦਰ ਹੌਸਪੀਟਲ ( ਸਰਜੀਕਲ ਹੌਸਪੀਟਲ) ਵਿੱਚ ਇੰਨੀਆਂ ਕੁ ਕੈਜੁਐਲਿਟੀਜ ਆ ਗਈਆਂ ਸਨ ਕਿ ਬੈੱਡਾਂ ਤੇ ਸਟਾਫ ਦੀ ਕਮੀਂ ਵੱਡੇ ਪੱਧਰ ਤੇ ਮਹਿਸੂਸ ਹੋਣ ਲੱਗੀ। ਫ਼ਰਸ਼ ਉੱਤੇ, ਬਰਾਂਡਿਆਂ ਵਿੱਚ ਤੇ ਇਥੋਂ ਤੱਕ ਕਿ ਪਾਰਕਾਂ ਵਿੱਚ ਵੀ, ਭਾਵ ਜਿਥੇ ਥਾਂ ਮਿਲੀ ਜ਼ਖਮੀਆਂ ਨੂੰ ਉਥੇ ਹੀ ਪਾਕੇ ਇਲਾਜ ਕੀਤਾ ਜਾਣ ਲੱਗਾ।ਹਰ ਥਾਂ ਫੌਜੀਆਂ ਦੀ ਭਰਮਾਰ ਸੀ ਤੇ ਕਿਸੇ ਨੂੰ ਵੀ ਫੱਟੜਾਂ ਨਾਲ ਫਾਲਤੂ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਸੀ।ਹੁਣ ਸਾਨੂੰ ਫੌਜੀ ਗੱਡੀਆਂ ਵਿੱਚ ਹੋਸਟਲ ਤੋਂ ਬੰਦ ਕਰਕੇ ਲਿਜਾਇਆ ਜਾਂਦਾ ਤੇ ਜਦੋਂ ਫੌਜੀਆਂ ਦਾ ਖਾਣਾ ਆਉਂਦਾ, ਤਰਸ ਕਰਕੇ ਉਹ ਸਾਨੂੰ ਵੀ ਦੇ ਦਿੰਦੇ।ਇੱਕ ਦੱਸਣਯੋਗ ਗੱਲ ਹੈ ਕਿ ਜ਼ਖ਼ਮੀ ਬੁਰੀ ਤਰਾਂ ਘਾਇਲ ਤੇ ਰਿਸਟ ਪੁਸ਼ਟ ਸਨ।ਉਨਾਂ ਦੀ ਤੀਮਾਰਦਾਰੀ ਕਰਕੇ ਸਾਨੂੰ ਬੜਾ ਸੁਕੂਨ ਮਿਲਦਾ, ਕਿਉਂਕਿ ਉਹ ਸਾਰੇ ਇਕੱਲੇ ਇਕੱਲੇ ਸਨ, ਉਨਾਂ ਦੇ ਨਾਲ ਕੋਈ ਨਹੀਂ ਸੀ।

ਅਗਲੇ ਦਸ ਸਾਲ :-

1984 ਤੋਂ 1994 ਤੱਕ ਪੰਜਾਬ ਦੇ ਹਾਲਾਤ ਇਨੇ ਕੁ ਤਰਸਯੋਗ ਸਨ ਕਿ ਬਿਆਨ ਕਰਨਾ ਮੁਸ਼ਕਿਲ ਹੈ।ਹਰ ਪਾਸੇ ਦਹਿਸ਼ਤ ਦਾ ਮਾਹੌਲ ਤੇ ਹਰ ਵੇਲੇ, ਹਰ ਇਨਸਾਨ ਦਾ ਦਿਲ ਕਿਸੇ ਅਣਸੁਖਾਂਵੀਂ ਖ਼ਬਰ ਦੇ ਡਰ ਤੋਂ ਕੰਬਦਾ ਰਹਿੰਦਾ। ਕਦੇ ਖ਼ਬਰ ਸੁਣੀਂਦੀ, ਇਥੋਂ ਚਾਰ ਕਿਲੋਮੀਟਰ ਦੂਰ ਇੱਕ ਬਰਾਤ ਵਿਚਲੇ ਇਕ ਖਾਸ ਫਿਰਕੇ ਦੇ ਲੋਕਾਂ ਨੂੰ ਬੱਸ ਵਿਚੋਂ ਥੱਲੇ ਲਾਹਕੇ ਲਾਈਨ ਵਿੱਚ ਖੜੇ ਕਰਕੇ, ਗੋਲੀਆਂ ਨਾਲ ਭੁੰਨ ਦਿੱਤਾ ਜਾਂ ਆਮ ਆਵਾਜਾਈ ਦੇ ਸਾਧਨਾਂ ਤੇ ਸਫ਼ਰ ਕਰ ਰਹੇ ਲੋਕਾਂ ਨਾਲ ਵੀ ਇਹੀ ਕੁਝ ਕੀਤਾ ਗਿਆ। ਇਥੋਂ ਤੱਕ ਕਿ ਮੇਲੇ , ਮੱਸਿਆ, ਸੰਗਰਾਂਦ, ਤੀਆਂ, ਤੇ ਹੋਰ ਇਕੱਠ ਵੀ ਇਸ ਹਿੰਸਾ ਕਾਰਨ ਬੰਦ ਹੋ ਗਏ।ਉਹ ਪੰਜਾਬ ਜਿਹੜਾ ਮੇਲਿਆਂ ਦੀ ਰੌਣਕ ਨਾਲ ਹੱਸਦਾ ਤੇ ਨੱਚਦਾ ਟੱਪਦਾ ਸੀ , ਹੁਣ ਇਓਂ ਲੱਗਦਾ ਸੀ ਜਿਵੇਂ ਭੂਤਾਂ ਦਾ ਵਸੇਬਾ ਬਣ ਗਿਆ ਹੋਵੇ। ਇਨਾਂ ਦਸ ਸਾਲਾਂ ਨੇ ਮਨੁੱਖੀ ਸੁਭਾਅ ਦੇ ਕੁਝ ਅਜਿਹੇ ਰੰਗ ਦਿਖਾਏ,ਜਿਹੜੇ ਕਦੇ ਕਿਸੇ ਨੇ ਕਿ ਆਸੇ ਵੀ ਨਹੀਂ ਸਨ। ਜਾਤੀ ਤੇ ਪਰਿਵਾਰਕ ਦੁਸ਼ਮਣੀਆਂ ਕੱਢਣ ਲਈ ਟੱਬਰਾਂ ਦੇ ਟੱਬਰ ਕਤਲ ਕਰ ਦਿੱਤੇ ਗਏ, ਪੁਲਿਸ ਨੇ ਆਪਣੀਆਂ ਤਰੱਕੀਆਂ ਲਈ ਝੂਠੇ ਮੁਕਾਬਲੇ ਦਿਖਾਕੇ ਬਹੁਤ ਸਾਰੇ ਠਾਣਿਆਂ ਤੇ ਜੇਲਾਂ ਵਿਚਲੇ ਸਜ਼ਾ ਕੱਟ ਰਹੇ ਗੱਭਰੂ ਮਾਰ ਦਿੱਤੇ, ਨਿੱਜੀ ਦੁਸ਼ਮਣੀਆਂ ਨੇ ਰਿਸ਼ਵਤਾਂ ਸਹਾਰੇ ਬੇਅੰਤ ਨਾਜਾਇਜ਼ ਜਾਨਾਂ ਲੈ ਲਈਆਂ। ਜ਼ਿਕਰਯੋਗ ਹੈ ਕਿ ਇਸ ਵਾਹਿਯਾਤ ਲਹਿਰ ਵਿੱਚ ਜਵਾਨੀ ਵਿੱਚ ਪੈਰ ਰੱਖਣ ਵਾਲੇ, ਹੋਸ਼ ਰਹਿਤ ਜੋਸ਼ਵਾਨ ਨੌਜਵਾਨਾਂ ਨੂੰ ਉਕਸਾ ਕੇ ਵਰਤਿਆ ਜਾਂਦਾ ਸੀ, ਜਿੰਨਾ ਨੂੰ ਧਰਮ ਦਾ ਅਸਲੀ ਮਤਲਬ ਵੀ ਨਹੀਂ ਪਤਾ ਸੀ।ਇਸ ਤਰਾਂ ਇਸ ਘਾਣ ਨੇ ਪੂਰੇ ਦਸ ਸਾਲ ਪੰਜਾਬ ਦੀ ਧਰਤੀ ਨੂੰ ਲਹੂ ਲੁਹਾਨ ਤਾਂ ਕੀਤਾ ਹੀ ਨਾਲ ਹੀ ਇਸ ਖੂਨ ਦੇ ਛਿੱਟੇ ਪੂਰੇ ਭਾਰਤ ਵਿੱਚ, ਜਿਥੇ ਸਿੱਖ ਕਮਿਊਨਿਟੀ ਰਹਿੰਦੀ ਸੀ, ਉਨਾਂ ਬੇਕਸੂਰ ਤੇ ਨਿਹੱਥਿਆਂ ਉਤੇ ਵੀ ਕਹਿਰਾਂ ਦਾ ਜ਼ੁਲਮ ਕੀਤਾ ਗਿਆ। ਜੋ ਕਿ 47 ਦੀ ਵੰਡ ਦੇ ਦਰਦ ਨੂੰ ਇੱਕ ਵਾਰ ਫਿਰ ਸਭਦੇ ਦਿਲਾਂ ਵਿੱਚ ਤਾਜ਼ਾ ਕਰ ਗਿਆ।

ਸਿਆਸਤ:-


ਉਸ ਸਮੇਂ ਦੀ ਸਰਕਾਰ ਵਿੱਚ ਸਰਵਉੱਚ ਪਦਵੀਆਂ ਤੇ ਜਿਹੜੇ ਦੋ ਅਧਿਕਾਰੀ ਆਸੀਨ ਸਨ, ਉਹ ਦੋਨੋਂ ਵੱਖੋ ਵੱਖਰੀਆਂ ਕਮਿਊਨਿਟੀ ਨਾਲ ਸੰਬੰਧਿਤ ਸਨ।ਪ੍ਰਧਾਨ ਮੰਤਰੀ ਹਿੰਦੂ ਤੇ ਗਿਆਨੀ ਜ਼ੈਲ ਸਿੰਘ ਜੀ ਰਾਸ਼ਟਰਪਤੀ ਸਿੱਖ ਸਨ।ਸਰਕਾਰ ਨੂੰ ਸੂਤਰਾਂ ਤੋਂ ਪਤਾ ਲੱਗ ਚੁੱਕਾ ਸੀ ਕਿ ਸ੍ਰੀ ਹਰਿਮੰਦਿਰ ਸਾਹਿਬ ਦੇ ਤਹਿਖਾਨਿਆਂ ਵਿੱਚ ਖਾੜਕੂ ਤੇ ਬਹੁਤ ਸਾਰਾ ਗੋਲਾ ਬਰੂਦ ਸਮਾਂ ਹੋ ਚੁਕਿਆ ਹੈ ਤੇ ਅਗਲੇ ਦੋ ਦਿਨਾਂ ਵਿੱਚ ਖਾਲਿਸਤਾਨ ਘੋਸ਼ਿਤ ਹੋਣ ਦੀ ਵਿਉਂਤ ਬਣ ਚੁੱਕੀ ਹੈ।ਹੁਣ ਸਰਕਾਰ ਨੇ ਤੱਤਭੜੱਤ ਵਿੱਚ ਸ੍ਰੀ ਹਰਿਮੰਦਿਰ ਸਾਹਿਬ ਤੇ ਚੜਾਈ ਕਰਨ ਦਾ ਵੀ ਫ਼ੈਸਲਾ ਲੈਣ ਲਿਆ।ਆਮ ਤੌਰ ਤੇ ਕੋਈ ਵੀ ਵੱਡਾ ਫੈਸਲਾ ਲੈਣ ਤੋਂ ਪਹਿਲਾਂ ਪੂਰੀ ਯੋਜਨਾਬੰਦੀ ਕੀਤੀ ਜਾਂਦੀ ਹੈ।ਜਾਨੀ ਤੇ ਮਾਲੀ ਨੁਕਸਾਨ ਘੱਟ ਤੋਂ ਘੱਟ ਹੋਵੇ, ਆਮ ਲੋਕਾਂ ਦੀਆਂ ਧਾਰਮਿਕ, ਸਮਾਜਿਕ, ਆਰਥਿਕ ਭਾਵਨਾਵਾਂ ਦਾ ਧਿਆਨ ਰੱਖਿਆ ਜਾਵੇ।ਇਸ ਮਕਸਦ ਲਈ ਦੋਨਾਂ ਵੱਡੇ ਅਹੁਦੇਦਾਰਾਂ ਦਾ ਇੱਕ ਪਲੇਟਫਾਰਮ ਤੇ ਇਕੱਠੇ ਤੇ ਸਹਿਮਤ ਹੋਣਾ ਲਾਜ਼ਮੀ ਸੀ।ਪਰ ਪ੍ਰਧਾਨ ਮੰਤਰੀ ਨੂੰ ਸਿੱਖ ਰਾਸ਼ਟਰਪਤੀ ਤੇ ਇਤਬਾਰ ਨਹੀ ਸੀ, ਕਿ ਉਹ ਸਾਰੀ ਪਲਾਨਿੰਗ ਲੀਕ ਕਰ ਦੇਵੇਗਾ, ਇਸੇ ਲਈ ਉਸਨੇ ਤੱਤਭੜੱਤ ਵਿੱਚ ਆਰਮੀ ਨੂੰ ਸ਼੍ਰੀ ਦਰਬਾਰ ਸਾਹਿਬ ਉੱਤੇ 3-4 ਜੂਨ 84 ਦੀ ਰਾਤ ਨੂੰ ਹੀ ਹਮਲਾ ਕਰਨ ਦਾ ਹੁਕਮ ਦੇ ਦਿੱਤਾ, ਜਦੋਂ ਕਿ ਸ੍ਰੀ ਹਰਿਮੰਦਿਰ ਸਾਹਿਬ ਜਿਹੀ ਉੱਚਤਮ ਪਵਿੱਤਰ ਧਾਰਮਿਕ, ਸਤਿਕਾਰਯੋਗ ਸਥਾਨ ਤੇ ਜੁਤੀਆਂ ਸਮੇਤ ਜਾਣਾ, ਮਰਿਆਦਾ ਦੀ ਤੌਹੀਨ ਸੀ। ਇਸ ਕੱਚੇ ਪਿੱਲੇ ਫੈਸਲੇ ਦਾ ਕਾਰਨ, ਵਕਤ ਰਹਿੰਦਿਆਂ ਐਕਸ਼ਨ ਨਾ ਲੈਣਾ ਤੇ ਆਪਸੀ ਮਸ਼ਵਰੇ ਦੀ ਕਮੀਂ ਦੇ ਨਾਲ ਨਾਲ ,ਅਗਲੇ ਦਿਨ ਪੰਜਾਬ ਨੂੰ ਖਾਲਿਸਤਾਨ ਘੋਸ਼ਿਤ ਕਰਨ ਦੀ ਜਾਣਕਾਰੀ ਦਾ ਪ੍ਰਧਾਨ ਮੰਤਰੀ ਕੋਲ ਪੁੱਜਣਾ ਸੀ।

ਜ਼ਿਕਰਯੋਗ ਹੈ ਕਿ ਖਾਲਿਸਤਾਨ ਦੀ ਮੰਗ ਕੁਝ ਉਕਸਾਏ ਹੋਏ ਨੌਜਵਾਨਾਂ ਦੀ ਮੰਗ ਸੀ, ਜਦੋਂ ਕਿ ਅਸਲ ਵਿੱਚ ਹਰ ਸੂਝਵਾਨ ਤੇ ਪਰਿਵਾਰ ਵਾਲਾ ਸਿੱਖ ਅਜਿਹੀ ਵੰਡ ਕਦੇ ਨਹੀਂ ਚਾਹੁੰਦਾ ਸੀ, ਕਿਉਂਕਿ ਪੰਜਾਬ ਪਹਿਲਾਂ ਹੀ ਕਈ ਵਾਰੀ ਟੋਟੇ ਟੋਟੇ ਹੋ ਕੇ ਬਹੁਤ ਛੋਟਾ ਰਹਿ ਗਿਆ ਸੀ।ਫਿਰ ਹਿੰਦੂ ਸਿੱਖਾਂ ਦੇ ਆਪਸ ਵਿੱਚ ਪਰਿਵਾਰਕ ਰਿਸ਼ਤੇ ਬਣ ਚੁੱਕੇ।ਰਾਜਨੀਤੀ ਜਿਵੇਂ ਕਿ ਸਦਾ ਤੋਂ ਹੀ ਆਮ ਜਨਤਾ ਵਿੱਚ ਫਿਰਕਾਪ੍ਰਸਤੀ ਦਾ ਜਿਹੜਾ ਜ਼ਹਿਰ ਘੋਲਦੀ ਆਈਂ ਹੈ, 84 ਦੇ ਦਰਦ ਵਿੱਚ ਵੀ ਇਸੇ ਦਾ ਵੱਡਾ ਹੱਥ ਸੀ।ਇਥੇ ਇੱਕ ਜ਼ਿਕਰ ਹੋਰ ਬਣਦਾ ਹੈ, 90 ਦੇ ਆਖਿਰੀ ਕੁਝ ਸਾਲਾਂ ਵਿੱਚ ਵੀ ਪੀ ਸਿੰਘ ਤੇ ਚੰਦਰਸ਼ੇਖਰ ਦੀਆਂ ਸਰਕਾਰਾਂ ਬਣੀਆਂ, ਜੋ ਬਹੁਤ ਥੋੜ੍ਹੇ ਥੋੜ੍ਹੇ ਵਕਫੇ ਲਈ ਟਿਕ ਸਕੀਆਂ।ਇਸ ਦੌਰਾਨ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਜਬਰਦਸਤੀ 33% ਰਿਜ਼ਰਵੇਸ਼ਨ ਲਾਗੂ ਕਰ ਦਿੱਤੀ ਗਈ।ਇਸ ਕਾਰਣ ਹਜ਼ਾਰਾਂ ਵਿਦਿਆਰਥੀਆਂ ਨੇ ਆਤਮਦਾਹ ਕਰਕੇ ਆਪਣੀਆਂ ਜਿੰਦਗੀਆਂ ਫਨਾਹ ਕਰ ਲਈਆਂ,ਸਰਕਾਰੀ ਸੰਪਤੀ, ਰੇਲਾਂ, ਬੱਸਾਂ, ਸਰਕਾਰੀ ਅਦਾਰੇ ਫੂਕ ਕੇ ਸਵਾਹ ਕਰ ਦਿੱਤੇ ਗਏ।

ਤੱਤਸਾਰ :-

ਇਸ ਸਾਕੇ ਤੇ ਦਹਾਕੇ ਦੌਰਾਨ ਚਾਹੇ ਕਿਸੇ ਭੈਣ ਦਾ ਭਰਾ,ਕਿਸੇ ਦਾ ਪਤੀ, ਬੱਚੇ ਜਾਂ ਹੋਰ ਕੋਈ ਜੀਅ ਜਹਾਨ ਛੱਡ ਗਿਆ, ਭਾਂਵੇਂ ਉਹ ਕਿਸੇ ਵੀ ਭਾਈਚਾਰੇ ਨਾਲ ਸੰਬੰਧਤ ਸੀ, ਦਰਦ ਸਭ ਦੇ ਪਰਿਵਾਰਾਂ ਨੂੰ ਇੱਕੋ ਜਿਹਾ ਸਹਿਣਾ ਪਿਆ। ਫਿਰ ਭਾਵੇਂ ਉਹ ਮਦਰਾਸ ਵਿੱਚ ਸਿੰਘ ਵੀਰ ਆਪਣਾ ਬਿਜਨੈਸ ਚਲਾਉਂਦਾ ਸੀ, ਲਖਨਊ ਦਾ ਰਹਿਣ ਵਾਲਾ, ਦਿੱਲੀ ਦਾ ਵਸਨੀਕ ਜਾਂ ਭਾਰਤ ਦੇ ਕਿਸੇ ਹੋਰ ਕੋਨੇ ਦਾ ਰਹਿਣ ਵਾਲਾ ਪਰਿਵਾਰਿਕ ਮੈਂਬਰ ਸੀ, ਜਾਂ ਬੱਸ ਵਿਚੋਂ ਉਤਾਰ ਕੇ ਗੋਲੀ ਨਾਲ ਭੁੰਨ ਦਿੱਤਾ ਗਿਆ ਹਿੰਦੂ ਵੀਰ ਸੀ , ਬਾਰਾਤ ਵਿਚੋਂ ਜਾਂ ਹੋਰ ਕਿਸੇ ਇਕੱਠ ਵਿੱਚੋਂ ਚੁਣ ਚੁਣ ਕੇ ਇੱਕ ਭਾਈਚਾਰੇ ਦੇ ਪਰਿਵਾਰਾਂ ਦੇ ਪਰਿਵਾਰ, ਸ੍ਰੀ ਦਰਬਾਰ ਵਿਚਲੇ ਬੇਕਸੂਰ ਸ਼ਰਧਾਲੂ। ਇਸ ਸਾਰੇ ਕੁਝ ਦਾ ਕਾਰਣ ਇੱਕ ਸੋਚ, ਜਿਸਦੇ ਹੱਲ ਦੇ ਕਈ ਬਦਲ ਹੋ ਸਕਦੇ ਸਨ।ਰਾਜਨੀਤੀ ਵੱਲੋਂ ਵੀ ਤੇ ਖਾਲਸੇ ਦੀ ਮੰਗ ਵੱਲੋਂ ਵੀ।ਇਸ ਨਾਲ ਇਨਸਾਨੀਅਤ ਤੇ ਸਦਾ ਰਿਸਣ ਵਾਲੇ ਨਾਸੂਰ ਤੋਂ ਬਚਿਆ ਜਾ ਸਕਦਾ ਸੀ ।ਇਸ ਨਾਲ ਕਿਸਨੇ ਕਿਸਤੋਂ ,ਕਾਹਦਾ ਬਦਲਾ ਲਿਆ ? ਅਜਿਹੇ ਕਾਰਨਾਮਿਆਂ ਦੀ ਧੂਣੀ ਧੁਖਾਉਣ ਵਾਲੇ ਸੱਜਣ ਠੱਗ ਤੇ ਕਮਲ ਨਾਥ ਜਿਹੇ ਹੋਰ ਹਜ਼ਾਰਾਂ ਨੂੰ ਕੋਈ ਸਜ਼ਾ ਨਹੀਂ ਹੋਈ।ਹਾਂ ਇੰਦਰਾ ਗਾਂਧੀ ਜਿਹਿਆਂ ਨੂੰ ਕੀਤੇ ਦੀ ਸਜ਼ਾ ਉਸੇ ਵੇਲੇ ਮਿਲ ਗਈ।ਪਰ ਜੇ ਅਸੀਂ ਜ਼ਰਾ ਕੁ ਸੂਖਮ ਸੋਚ ਨਾਲ ਵਿਚਾਰੀਏ ,ਤਾਂ ਇੱਕ ਆਮ ਸਿੱਖ ਨੇ ਕੀ ਕੀਤਾ ਸੀ,ਜਿੰਨਾ ਨੂੰ ਗਲਾਂ ਵਿੱਚ ਟਾਇਰ ਪਾਕੇ ਜਲਾਇਆ ਗਿਆ, ਜਾਂ ਪੰਜਾਬ ਵਿੱਚ ਘੁੱਗ ਵੱਸਦੇ ਹਿੰਦੂ ਪਰਿਵਾਰਾਂ ਦਾ ਕੀ ਕਸੂਰ ਸੀ, ਜਿੰਨਾਂ ਦੇ ਖਾਨਦਾਨਾਂ ਦੇ ਖਾਨਦਾਨ ਹੀ ਉਜਾੜ ਦਿੱਤੇ ਗਏ। ਜਾਂ ਫਿਰ ਇਸਦਾ ਕਿਸ ਨੂੰ ਲਾਭ ਹੋਇਆ? ਇਸ 84 ਦੇ ਲਹੂ ਲੁਹਾਨ ਜ਼ਖਮਾਂ ਉੱਤੇ ਕੋਈ ਵੀ ਟਿੱਪਣੀ ਕਰਨ ਤੋਂ ਸੋਚਿਓ ਜ਼ਰੂਰ।

ਨਰੇਸ਼ ਕੁਮਾਰੀ ਸ਼ਰਮਾ
+02041755894



# ਪ੍ਰਸਿੱਧ ਗਾਇਕ ਬੱਬੂ ਮਾਨ ਵਲੋਂ ਕਿਸਾਨਾਂ ਲਈ ਵੱਡਾ ਐਲਾਨ



ਪ੍ਰਸਿੱਧ ਪੰਜਾਬੀ ਗਾਇਕ ਬੱਬੂ ਮਾਨ ਇਸ ਸਮੇਂ ਆਸਟ੍ਰੇਲੀਆ ਵਿਖੇ ਮਿਊਜ਼ਿਕਲ ਦੌਰੇ 'ਤੇ ਹਨ। ਉਨ੍ਹਾਂ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ। ਗਾਇਕ ਨੇ ਕਿਸਾਨਾਂ ਲਈ 11 ਹਜ਼ਾਰ ਡਾਲਰ ਦੀ ਮਦਦ ਕਰਨ ਦਾ ਐਲਾਨ ਕੀਤਾ ਹੈ। ਦਰਅਸਲ ਬੱਬੂ ਮਾਨ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ, ਜਿਸ 'ਚ ਗਾਇਕ ਆਸਟ੍ਰੇਲੀਆ ਦੇ ਕਿਸਾਨਾਂ ਲਈ ਖ਼ਾਸ ਅਪੀਲ ਕਰਦੇ ਨਜ਼ਰ ਆ ਰਹੇ ਹਨ।

ਇਸ ਵੀਡੀਓ 'ਚ ਗਾਇਕ ਪੰਜਾਬ ਦੇ ਕਿਸਾਨ ਮਜ਼ਦੂਰ ਯੂਨੀਅਨ ਜ਼ਿੰਦਬਾਦ ਦੇ ਨਾਅਰੇ ਲਗਾ ਰਹੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਆਸਟ੍ਰੇਲੀਆ ਦੇ ਕਿਸਾਨ ਭਰਾਵਾਂ ਲਈ 11 ਹਜ਼ਾਰ ਡਾਲਰ ਦੀ ਆਰਥਿਕ ਮਦਦ ਕਰਨ ਦਾ ਐਲਾਨ ਕੀਤਾ ਹੈ।

ਇਸ ਵੀਡੀਓ ਦੇ ਕੈਪਸ਼ਨ 'ਚ ਲਿਖਿਆ ਹੋਇਆ ਹੈ ਕਿ ਬੱਬੂ ਮਾਨ ਨੇ ਮੈਲਬੋਰਨ, ਆਸਟ੍ਰੇਲੀਆ 'ਚ ਆਪਣੇ ਸ਼ੋਅ ਦੌਰਾਨ ਕਿਸਾਨਾਂ ਲਈ $11000 ਦੇ ਆਰਥਿਕ ਸਹਾਇਤਾ ਰਾਸ਼ੀ ਘੋਸ਼ਿਤ ਕੀਤੀ। ਇਹ ਵੀਡਿਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਈਰਲ ਹੋ ਰਹੀ ਹੈ। ਫੈਨਜ਼ ਗਾਇਕ ਦੀ ਦਰਿਆਦਿਲੀ ਦੀ ਕਾਫ਼ੀ ਤਾਰੀਫ਼ ਕਰ ਰਹੇ ਹਨ ਅਤੇ ਕੁਮੈਂਟ ਰਾਹੀਂ ਆਪਣਾ ਪਿਆਰ ਦਿਖਾ ਰਹੇ ਹਨ।

ਪੰਜਾਬੀ ਗਾਇਕ ਬੱਬੂ ਮਾਨ ਆਪਣੇ ਚਾਹੁਣ ਵਾਲਿਆਂ ਕਰਕੇ ਦੁਨੀਆ ਭਰ 'ਚ ਮਸ਼ਹੂਰ ਹਨ।ਉਹ ਆਪਣੇ ਅੰਦਾਜ਼ ਆਪਣੇ ਗਾਣਿਆਂ ਅਤੇ ਆਪਣੀ ਦੇਸੀ ਲੁੱਕ ਕਰਕੇ ਆਏ ਦਿਨ ਚਰਚਾ 'ਚ ਰਹਿੰਦੇ ਹਨ।

ਬੱਬੂ ਮਾਨ ਗਾਇਕੀ ਤੇ ਅਦਾਕਾਰੀ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਐਕਟਿਵ ਰਹਿੰਦੇ ਹਨ। ਉਹ ਅਕਸਰ ਹੀ ਆਪਣੇ ਫੈਨਜ਼ ਨਾਲ ਆਪਣੀ ਸ਼ਾਇਰੀ ਤੇ ਨਿੱਤ ਨਵੇਂ ਪ੍ਰੋਜੈਕਟਸ ਦੇ ਅਪਡੇਟ ਸ਼ੇਅਰ ਕਰਦੇ ਰਹਿੰਦੇ ਹਨ।




# ਰਾਜ ਸਭਾ 'ਚ ਪਤੀ ਅਮਿਤਾਭ ਬੱਚਨ ਦਾ ਨਾਂ ਲੈਣ 'ਤੇ ਗੁੱਸੇ 'ਚ ਆਈ ਜਯਾ ਬੱਚਨ

ਨਵੀਂ ਦਿੱਲੀ - ਸੰਸਦ 'ਚ ਕੇਂਦਰੀ ਬਜਟ 'ਤੇ ਚਰਚਾ 'ਚ ਹਿੱਸਾ ਲੈਂਦਿਆਂ ਮਸ਼ਹੂਰ ਅਭਿਨੇਤਰੀ ਤੇ ਸਮਾਜਵਾਦੀ ਪਾਰਟੀ ਦੀ ਰਾਜ ਸਭਾ ਮੈਂਬਰ ਜਯਾ ਬੱਚਨ ਸੋਮਵਾਰ ਗੁੱਸੇ 'ਚ ਆ ਗਈ। ਹੋਇਆ ਇਹ ਕਿ ਜਦੋਂ ਰਾਜ ਸਭਾ 'ਚ ਬੋਲਣ ਲਈ ਜਯਾ ਬੱਚਨ ਦਾ ਨਾਂ ਲਿਆ ਗਿਆ ਤਾਂ ਉਹ ਆਪਣੇ ਨਾਂ ਦੇ ਸੰਬੋਧਨ ਤੋਂ ਖੁਸ਼ ਨਜ਼ਰ ਨਹੀਂ ਆਈ। ਡਿਪਟੀ ਚੇਅਰਮੈਨ ਨੇ ਉਨ੍ਹਾਂ ਨੂੰ ਜਯਾ ਬੱਚਨ ਦੀ ਬਜਾਏ 'ਜਯਾ ਅਮਿਤਾਭ ਬੱਚਨ' ਕਿਹਾ ਸੀ, ਜਿਸ 'ਤੇ ਉਨ੍ਹਾਂ ਸਖ਼ਤ ਇਤਰਾਜ਼ ਪ੍ਰਗਟਾਇਆ।

ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰੀਵੰਸ਼ ਨਾਰਾਇਣ ਸਿੰਘ ਨੇ ਬਜਟ 'ਤੇ ਭਾਸ਼ਣ ਦਿੰਦੇ ਹੋਏ ਉਨ੍ਹਾਂ ਨੂੰ 'ਜਯਾ ਅਮਿਤਾਭ ਬੱਚਨ' ਕਹਿ ਕੇ ਸੰਬੋਧਨ ਕੀਤਾ ਤਾਂ ਉਨ੍ਹਾਂ ਇਤਰਾਜ਼ ਕੀਤਾ। ਜਯਾ ਬੱਚਨ ਨੇ ਕਿਹਾ ਕਿ ਜੇ ਤੁਸੀਂ ਸਿਰਫ ਜਯਾ ਬੱਚਨ ਹੀ ਕਹਿ ਦਿੰਦੇ ਤਾਂ ਵੀ ਨਾਂ ਪੂਰਾ ਹੋ ਜਾਣਾ ਸੀ। ਇਸ 'ਤੇ ਡਿਪਟੀ ਚੇਅਰਮੈਨ ਨੇ ਕਿਹਾ ਕਿ ਸੀਟ ਦੇ ਅੱਗੇ ਪੂਰਾ ਨਾਂ ਲਿਖਿਆ ਹੋਇਆ ਆਉਂਦਾ ਹੈ, ਇਸ ਲਈ ਉਨ੍ਹਾਂ ਇਸ ਦਾ ਜ਼ਿਕਰ ਕੀਤਾ।





# ਮੋਨਾ ਸਿੰਘ ਨੂੰ ਸਪੋਰਟਿੰਗ ਰੋਲ 'ਚ ਐਕਟਿੰਗ ਐਕਸੀਲੈਂਸ ਦਾ ਐਵਾਰਡ



ਮੁੰਬਈ- ਮੋਨਾ ਸਿੰਘ ਨੇ 'ਮੇਡ ਇਨ ਹੈਵਨ' ਸੀਜ਼ਨ 2 'ਚ ਬੁਲਬੁਲ ਜੌਹਰੀ ਦੇ ਕਿਰਦਾਰ 'ਚ ਆਪਣੇ ਸਰਵੋਤਮ ਪ੍ਰਦਰਸ਼ਨ ਲਈ ਟਾਈਮਜ਼ ਆਫ ਇੰਡੀਆ ਫਿਲਮ ਐਵਾਰਡਸ ਓ.ਟੀ.ਟੀ. ਐਡੀਸ਼ਨ 2023 'ਚ ਸਹਾਇਕ ਭੂਮਿਕਾ (ਮਹਿਲਾ) 'ਚ ਐਕਟਿੰਗ ਐਕਸੀਲੈਂਸ ਲਈ ਐਵਾਰਡ ਜਿੱਤਿਆ।

ਉਸ ਦੀ ਅਸਾਧਾਰਨ ਕਾਰਗੁਜ਼ਾਰੀ ਨੇ ਉਸ ਨੂੰ ਬਹੁਤ ਪ੍ਰਸ਼ੰਸਾ ਤੇ ਮਾਨਤਾ ਦਿੱਤੀ ਹੈ, ਜੋ ਕਿ ਮੋਨਾ ਸਿੰਘ ਨੇ 'ਬੁਲਬੁਲ ਜੋਹਰੀ' ਦੀ ਭੂਮਿਕਾ ਨਿਭਾਈ ਹੈ, ਜੋ ਫਾਈਨਾਂਸ 'ਚ ਕੰਮ ਕਰਦੀ ਹੈ ਅਤੇ ਮੈਰਿਜ ਪਲਾਨਿੰਗ ਦੀ ਨਵੀਂ ਆਡੀਟਰ ਬਣ ਕੇ ਸਾਹਮਣੇ ਆਉਂਦੀ ਹੈ।

"ਮੁੰਜਿਆ" ਅਤੇ "ਕਾਲਾ ਪਾਣੀ" 'ਚ ਉਸ ਦੇ ਸ਼ਾਨਦਾਰ ਪ੍ਰਦਰਸ਼ਨਾਂ ਨੂੰ ਵੀ ਆਲੋਚਕਾਂ ਅਤੇ ਦਰਸ਼ਕਾਂ ਦੁਆਰਾ ਸ਼ਾਨਦਾਰ ਹੁੰਗਾਰਾ ਮਿਲਿਆ ਹੈ। ਜੋ ਵੱਖ-ਵੱਖ ਤਰ੍ਹਾਂ ਦੀਆਂ ਭੂਮਿਕਾਵਾਂ ਨੂੰ ਸੰਭਾਲਣ 'ਚ ਉਸ ਦੇ ਪ੍ਰਭਾਵਸ਼ਾਲੀ ਹੁਨਰ ਦਾ ਪ੍ਰਦਰਸ਼ਨ ਕਰਦਾ ਹੈ।

ਮੋਨਾ ਸਿੰਘ ਆਪਣੇ ਕੰਮ ਵਿੱਚ ਬਹੁਤ ਮਾਹਿਰ ਹਨ।ਮੋਨਾ ਸਿੰਘ ਕੋਲ ਆਉਣ ਵਾਲੇ ਸਮੇਂ 'ਚ ਕਈ ਸ਼ਾਨਦਾਰ ਪ੍ਰੋਜੈਕਟ ਹਨ, ਜਿਨ੍ਹਾਂ 'ਚ ਆਮਿਰ ਖਾਨ ਨਾਲ 'ਹੈਪੀ ਪਟੇਲ ਡੇਂਜਰਸ ਡਿਟੈਕਟਿਵ'

ਅਤੇ ਆਰੀਅਨ ਖਾਨ ਦੀ ਨਿਰਦੇਸ਼ਨ 'ਚ ਬਣੀ ਫਿਲਮ 'ਸਟਾਰਡਮ' ਸ਼ਾਮਲ ਹੈ।

# 'ਖਤਰੋਂ ਕੇ ਖਿਲਾੜੀ 14' 'ਚ ਆਸਿਮ ਰਿਆਜ਼ ਨੇ ਦਿਖਾਇਆ ਪੈਸਿਆਂ ਦਾ ਘੁਮੰਡ



ਮੁੰਬਈ : ਐਕਸ਼ਨ ਫ਼ਿਲਮ ਨਿਰਦੇਸ਼ਕ ਰੋਹਿਤ ਸ਼ੈੱਟੀ ਦੇ ਜਾਨਲੇਵਾ ਟੀਵੀ ਰਿਐਲਿਟੀ ਸ਼ੋਅ 'ਖਤਰੋਂ ਕੇ ਖਿਲਾੜੀ' ਦਾ 14ਵਾਂ ਸੀਜ਼ਨ ਸ਼ੁਰੂ ਹੋ ਗਿਆ ਹੈ। 'ਖਤਰੋਂ ਕੇ ਖਿਲਾੜੀ 14' ਦੇ ਦੋ ਐਪੀਸੋਡ ਵੀ ਪ੍ਰਸਾਰਿਤ ਹੋ ਚੁੱਕੇ ਹਨ। ਹੁਣ 'ਬਿੱਗ ਬੌਸ' ਫੇਮ ਆਸਿਮ ਰਿਆਜ਼ ਨੂੰ ਆਪਣੇ ਗੁੱਸੇ ਅਤੇ ਸਹਿ ਪ੍ਰਤੀਯੋਗੀਆਂ ਨੂੰ ਬੇਇੱਜ਼ਤ ਕਰਨ ਕਾਰਨ ਸ਼ੋਅ ਤੋਂ ਬਾਹਰ ਕਰ ਦਿੱਤਾ ਗਿਆ ਹੈ। ਉਦੋਂ ਤੋਂ ਹੀ ਆਸਿਮ ਦੇ ਪ੍ਰਸ਼ੰਸਕ ਉਨ੍ਹਾਂ ਦੇ ਸਮਰਥਨ 'ਚ ਸਾਹਮਣੇ ਆਏ ਹਨ। ਆਸਿਮ ਰਿਆਜ਼ ਨੂੰ 27 ਜੁਲਾਈ ਤੋਂ ਸ਼ੁਰੂ ਹੋਏ ਸ਼ੋਅ 'ਖਤਰੋਂ ਕੇ ਖਿਲਾੜੀ 14' ਤੋਂ ਬਾਹਰ ਕਰ ਦਿੱਤਾ ਗਿਆ ਹੈ।

ਰੋਹਿਤ ਸ਼ੈੱਟੀ ਨੇ ਵੀ ਉਨ੍ਹਾਂ ਨੂੰ ਖੂਬ ਝਿੜਕਿਆ ਹੈ। 'ਖਤਰੋਂ ਕੇ ਖਿਲਾੜੀ 14' ਤੋਂ ਆਸਿਮ ਦੇ ਬਾਹਰ ਹੋਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵੀ ਜੰਗ ਛਿੜ ਗਈ ਹੈ।

ਦੱਸ ਦੇਈਏ ਕਿ 'ਖਤਰੋਂ ਕੇ ਖਿਲਾੜੀ 14' 'ਚ ਆਸਿਮ ਰਿਆਜ਼ ਕਾਫੀ ਘੁਮੰਡੀ ਨਜ਼ਰ ਆ ਰਹੇ ਹਨ। ਇੱਥੇ ਉਹ ਆਪਣੀ ਜੀਵਨ ਸ਼ੈਲੀ ਅਤੇ ਦੌਲਤ ਦਾ ਪ੍ਰਦਰਸ਼ਨ ਕਰ ਰਿਹਾ ਸੀ। ਹੋਇਆ ਇਹ ਕਿ ਉਹ ਓਵਰ ਆਤਮਵਿਸ਼ਵਾਸ ਕਾਰਨ ਪਹਿਲੇ ਦਿਨ ਹੀ ਟਾਸਕ ਹਾਰ ਗਿਆ। ਉਹ ਦੂਜੇ ਸਟੰਟ 'ਚ ਵੀ ਅਸਫ਼ਲ ਰਿਹਾ। ਇਹ ਇੱਕ ਏਰੀਅਲ ਸਟੰਟ ਸੀ, ਜਿਸ 'ਚ ਆਸਿਮ ਨਾਲ ਆਸ਼ੀਸ਼ ਮੇਹਰੋਤਰਾ ਅਤੇ ਨਿਯਤੀ ਫਤਨਾਨੀ ਸ਼ਾਮਲ ਸਨ। ਇਸ ਸਟੰਟ 'ਚ ਹਾਰਨ ਤੋਂ ਬਾਅਦ ਆਸਿਮ ਨੇ ਕਿਹਾ ਕਿ ਜੇਕਰ ਕੋਈ ਇਹ ਸਟੰਟ ਕਰ ਦੇਵੇ ਤਾਂ ਉਹ ਇੱਕ ਰੁਪਿਆ ਨਹੀਂ ਲਵੇਗਾ।

ਸ਼ੋਅ ਦੇ ਹੋਸਟ ਰੋਹਿਤ ਨੇ ਕਿਹਾ ਕਿ ਕੋਈ ਵੀ ਟਾਸਕ ਕਰਨ ਤੋਂ ਪਹਿਲਾਂ ਟ੍ਰੇਨਰ ਖੁਦ ਕਰਦੇ ਹਨ ਅਤੇ ਫਿਰ ਇਸ ਨੂੰ ਸ਼ੋਅ 'ਚ ਲਾਗੂ ਕੀਤਾ ਜਾਂਦਾ ਹੈ ਪਰ ਆਸਿਮ ਨੇ ਹੋਸਟ ਰੋਹਿਤ ਸ਼ੈੱਟੀ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਰੋਹਿਤ ਨੇ ਆਸਿਮ ਨੂੰ ਕਿਹਾ, 'ਤੁਹਾਡੀ ਕੀ ਸਮੱਸਿਆ ਹੈ, ਕੱਲ੍ਹ ਵੀ ਤੁਸੀਂ ਬਕਵਾਸ ਕੀਤੀ ਸੀ ਤਾਂ ਆਸਿਮ ਵਿੱਚ ਬੋਲਦੇ ਹਨ ਅਤੇ ਰੋਹਿਤ ਨੇ ਉਸ ਨੂੰ ਟੋਕਦੇ ਹੋਏ ਕਿਹਾ, 'ਮੇਰੀ ਗੱਲ ਸੁਣੋ, ਨਹੀਂ ਤਾਂ ਮੈਂ ਤੈਨੂੰ ਚੁੱਕ ਕੇ ਇੱਥੇ ਸੁੱਟ ਦਿਆਂਗਾ, ਮੇਰੇ ਨਾਲ ਬਤਮੀਜ਼ੀ ਨਹੀਂ ਕਰਨਾ।' ਇਸ ਦੌਰਾਨ ਆਸਿਮ ਸਿੱਧਾ ਰੋਹਿਤ ਵੱਲ ਜਾਂਦਾ ਹੈ, ਫਿਰ ਅਭਿਸ਼ੇਕ ਨੇ ਆਸਿਮ ਨੂੰ ਵਾਪਸ ਜਾਣ ਲਈ ਕਿਹਾ, ਪਰ ਰੋਹਿਤ ਅਭਿਸ਼ੇਕ ਨੂੰ ਰੋਕ ਦਿੰਦੇ ਹਨ। ਇਸ ਤੋਂ ਬਾਅਦ ਆਸਿਮ ਗੁੱਸੇ 'ਚ ਆ ਜਾਂਦਾ ਹੈ ਅਤੇ ਸਾਰਿਆਂ ਨੂੰ ਲੂਜ਼ਰ ਕਹਿਣਾ ਸ਼ੁਰੂ ਕਰ ਦਿੰਦਾ ਹੈ।

ਆਸਿਮ ਨੇ ਅਭਿਸ਼ੇਕ ਅਤੇ ਸਾਰੇ ਮੁਕਾਬਲੇਬਾਜ਼ਾਂ ਨੂੰ ਲੂਜ਼ਰ ਕਿਹਾ ਅਤੇ ਨਾਲ ਹੀ ਹੋਰ ਵੀ ਬੁਰਾ ਭਲਾ ਕਿਹਾ, 'ਤੁਹਾਨੂੰ ਸ਼ੋਅ ਤੋਂ ਜੋ ਪੈਸਾ ਮਿਲ ਰਿਹਾ ਹੈ, ਉਸ ਤੋਂ ਤਿੰਨ ਗੁਣਾ ਮੈਂ ਕਮਾਉਂਦਾ ਹਾਂ, ਮੈਂ 6 ਮਹੀਨਿਆਂ 'ਚ 4 ਵਾਰ ਕਾਰਾਂ ਬਦਲਦਾ ਹਾਂ। ਮੈਨੂੰ ਪੈਸਿਆਂ ਦੀ ਲੋੜ ਨਹੀਂ, ਮੈਂ ਇੱਥੇ ਪੈਸੇ ਲਈ ਨਹੀਂ ਆਇਆ, ਮੈਂ ਇੱਥੇ ਆਪਣੇ ਪ੍ਰਸ਼ੰਸਕਾਂ ਦਾ ਸਮਰਥਨ ਕਰਨ ਆਇਆ ਹਾਂ, ਤੁਹਾਡੇ ਲੂਜ਼ਰ ਲਈ ਨਹੀਂ, ਮੇਰੇ ਕਾਰਨ ਹੀ ਇਸ ਸ਼ੋਅ ਦੀ ਚਰਚਾ ਹੋ ਰਹੀ ਹੈ। ਮੈਂ ਇੱਕ ਸ਼ੋਅ ਕਰ ਰਿਹਾ ਹਾਂ, ਨਹੀਂ ਤਾਂ ਇਹ ਸ਼ੋਅ ਆਉਂਦੇ-ਜਾਂਦੇ ਰਹਿੰਦੇ ਹਨ, ਕਿਸੇ ਨੂੰ ਪਤਾ ਵੀ ਨਹੀਂ ਹੁੰਦਾ।'

ਆਸਿਮ ਰਿਆਜ਼ ਦੇ ਰਵੱਈਏ ਨੂੰ ਦੇਖ ਕੇ ਰੋਹਿਤ ਸ਼ੈੱਟੀ ਕਾਫੀ ਨਿਰਾਸ਼ ਹੋ ਗਏ ਸਨ, ਜਿਸ ਕਾਰਨ ਆਸਿਮ ਨੂੰ ਸ਼ੋਅ ਤੋਂ ਬਾਹਰ ਕਰ ਦਿੱਤਾ ਗਿਆ। ਦੂਜੇ ਪਾਸੇ ਰਿਆਜ਼ ਆਪਣੇ ਇਸ ਰਵੱਈਏ ਕਾਰਨ ਕਾਫੀ ਟ੍ਰੋਲ ਹੋ ਰਹੇ ਹਨ।

# ਜਾਵੇਦ ਅਖ਼ਤਰ ਦਾ ਐਕਸ ਅਕਾਊਂਟ ਹੋਇਆ ਹੈਕ




ਮੁੰਬਈ : ਬਾਲੀਵੁੱਡ ਦੇ ਮਸ਼ਹੂਰ ਗੀਤਕਾਰ ਅਤੇ ਪਟਕਥਾ ਲੇਖਕ ਜਾਵੇਦ ਅਖਤਰ ਸੋਸ਼ਲ ਮੀਡੀਆ ਦੇ ਸ਼ੌਕੀਨ ਹਨ। ਉਹ ਅਕਸਰ ਆਪਣੇ ਐਕਸ ਅਕਾਊਂਟ 'ਤੇ ਮਹੱਤਵਪੂਰਨ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹਨ ਪਰ 28 ਜੁਲਾਈ ਨੂੰ ਉਨ੍ਹਾਂ ਦਾ ਐਕਸ ਹੈਕ ਹੋ ਗਿਆ।

ਉਨ੍ਹਾਂ ਨੇ ਦੱਸਿਆ ਕਿ ਉਸ ਦਾ ਐਕਸ ਅਕਾਊਂਟ ਹੈਕ ਹੋ ਗਿਆ ਸੀ।

ਉਸ ਨੇ ਸਪੱਸ਼ਟ ਕੀਤਾ ਕਿ ਉਸ ਦੇ ਖਾਤੇ 'ਤੇ ਦਿਖਾਈ ਦੇਣ ਵਾਲੀ ਭਾਰਤੀ ਓਲੰਪਿਕ ਟੀਮ ਬਾਰੇ ਪੋਸਟ ਉਨ੍ਹਾਂ ਦੁਆਰਾ ਨਹੀਂ ਲਿਖੀ ਗਈ ਸੀ, ਬਲਕਿ ਹੈਕਰਾਂ ਦੁਆਰਾ ਪੋਸਟ ਕੀਤੀ ਗਈ ਸੀ। ਜਾਵੇਦ ਅਖਤਰ ਨੇ ਇੰਸਟਾਗ੍ਰਾਮ 'ਤੇ ਆਪਣੇ ਫਾਲੋਅਰਜ਼ ਨੂੰ ਇਹ ਗੱਲ ਦੱਸੀ।

ਦੱਸ ਦੇਈਏ ਕਿ ਐਤਵਾਰ (28 ਜੁਲਾਈ) ਦੇਰ ਰਾਤ ਜਾਵੇਦ ਅਖਤਰ ਨੇ ਆਪਣੇ ਅਧਿਕਾਰਤ ਐਕਸ 'ਤੇ ਇੱਕ ਪੋਸਟ ਸ਼ੇਅਰ ਕੀਤੀ, ਜਿਸ ਨੇ ਹਲਚਲ ਮਚਾ ਦਿੱਤੀ। ਉਸ ਨੇ ਆਪਣੇ ਪ੍ਰਸ਼ੰਸਕਾਂ ਨੂੰ ਦੱਸਿਆ ਕਿ ਉਸ ਦੀ ਐਕਸ ਆਈਡੀ ਨਾਲ ਛੇੜਛਾੜ ਕੀਤੀ ਗਈ ਹੈ।

ਉਸ ਨੇ ਇਹ ਵੀ ਕਿਹਾ ਕਿ ਚੱਲ ਰਹੇ ਪੈਰਿਸ ਓਲੰਪਿਕ 2024 'ਚ ਭਾਰਤੀ ਟੀਮ ਬਾਰੇ ਇੱਕ ਪੋਸਟ ਉਸ ਨੇ ਨਹੀਂ ਬਲਕਿ ਉਸ ਦੇ ਹੈਕਰਾਂ ਦੁਆਰਾ ਕੀਤੀ ਸੀ ਪਰ ਅਜਿਹਾ ਲੱਗਦਾ ਹੈ ਕਿ ਵਿਵਾਦਿਤ ਟਵੀਟ ਨੂੰ ਹਟਾ ਦਿੱਤਾ ਗਿਆ ਹੈ।

ਉਨ੍ਹਾਂ ਨੇ ਪੋਸਟ 'ਚ ਲਿਖਿਆ ਹੈ, ''ਮੇਰੀ ਐਕਸ ਆਈਡੀ ਹੈਕ ਹੋ ਗਈ ਹੈ। ਓਲੰਪਿਕ ਲਈ ਸਾਡੀ ਭਾਰਤੀ ਟੀਮ ਬਾਰੇ ਮੇਰੇ ਖਾਤੇ ਤੋਂ ਇੱਕ ਸੁਨੇਹਾ ਭੇਜਿਆ ਗਿਆ ਹੈ। ਮੈਂ ਇਸਨੂੰ ਨਹੀਂ ਭੇਜਿਆ, ਐਕਸ ਵਿੱਚ ਸੰਬੰਧਤ ਅਧਿਕਾਰੀ ਸ਼ਿਕਾਇਤ ਕਰਨ ਦੀ ਪ੍ਰਕਿਰਿਆ 'ਚ ਹਨ।''

ਦੱਸਣਯੋਗ ਹੈ ਕਿ ਪੈਰਿਸ ਓਲੰਪਿਕ 2024 'ਚ ਬਹੁਤ ਸਾਰੇ ਭਾਰਤੀ ਅਥਲੀਟ ਤਗਮੇ ਜਿੱਤਣ ਲਈ ਮੁਕਾਬਲਾ ਕਰ ਰਹੇ ਹਨ।

ਦੇਸ਼ ਨੂੰ ਪਹਿਲਾਂ ਮੈਡਲ ਮਿਲਿਆ ਹੈ, ਜਿਸ ਦਾ ਸਿਹਰਾ ਮਨੂ ਭਾਕਰ ਨੂੰ ਜਾਂਦਾ ਹੈ। ਉਸ ਨੇ ਨਿਸ਼ਾਨੇਬਾਜ਼ੀ 'ਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਪਹਿਲੀ ਘੱਟ ਉਮਰ ਦੀ ਭਾਰਤੀ ਮਹਿਲਾ ਬਣ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਨੂੰ ਦੇਸ਼ ਦੇ ਕੋਨੇ-ਕੋਨੇ ਤੋਂ ਵਧਾਈਆਂ ਮਿਲ ਰਹੀਆਂ ਹਨ।



# ਛੁਰੇਮਾਰੀ ਦੀ ਘਟਨਾ ਵਿੱਚ 2 ਨਿੱਕੇ ਬੱਚਿਆਂ ਦਾ ਬੇਰਹਿਮੀ ਨਾਲ ਕਤਲ



ਆਕਲੈਂਡ - ਉੱਤਰੀ-ਪੱਛਮੀ ਇੰਗਲੈਂਡ ਦੇ ਸਾਊਥਪੋਰਟ ਵਿਖੇ ਇੱਕ ਪ੍ਰਾਇਮਰੀ ਸਕੂਲ ਵਿੱਚ ਵਾਪਰੀ ਦਿਲ-ਦਹਿਲਾ ਦੇਣ ਵਾਲੀ ਘਟਨਾ ਵਿੱਚ 2 ਬੱਚਿਆਂ ਦੇ ਕਤਲ ਕੀਤੇ ਜਾਣ ਅਤੇ 9 ਦੇ ਗੰਭੀਰ ਰੂਪ ਵਿੱਚ ਜਖਮੀ ਕੀਤੇ ਜਾਣ ਦੀ ਖਬਰ ਹੈ। 9 ਜਖਮੀ ਬੱਚਿਆਂ ਵਿੱਚੋਂ 6 ਦੀ ਹਾਲਤ ਅਜੇ ਵੀ ਖਤਰੇ ਵਿੱਚ ਹੈ। ਪੁਲਿਸ ਨੇ ਛੁਰੇਮਾਰੀ ਦੀ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ 17 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਘਟਨਾ ਵਿੱਚ ਸਕੂਲ ਦੇ 2 ਸਟਾਫ ਮੈਂਬਰ ਵੀ ਜਖਮੀ ਕੀਤੇ ਗਏ ਹਨ। ਪ੍ਰੱਤਖਦਰਸ਼ੀਆਂ ਅਨੁਸਾਰ ਇਸ ਘਟਨਾ ਨੂੰ ਕਿਸੇ ਫਿਲਮੀ ਸੀਨ ਦੀ ਤਰਜ ਦੇ ਅੰਜਾਮ ਦਿੱਤਾ ਗਿਆ ਲੱਗਦਾ ਜਾਪਦਾ ਹੈ।

# ਆਕਲੈਂਡ ਦੇ ਹਾਈਵੇਅ ’ਤੇ ਕਾਰ ਨੂੰ ਅਚਾਨਕ ਲੱਗੀ ਅੱਗ



ਆਕਲੈਂਡ - ਆਕਲੈਂਡ ਦੇ ਦੱਖਣੀ ਮੋਟਰਵੇਅ ਦੇ ਮਾਉਂਟ ਵਲਿੰਗਟਨ ਐਗਜ਼ਿਟ ਨਜਦੀਕ ਅੱਜ ਇੱਕ ਸਿਲਵਰ ਰੰਗ ਦੀ ਕਾਰ ਨੂੰ ਅੱਗ ਲੱਗਣ ਦੀ ਖਬਰ ਹੈ। ਇਹ ਕਾਰ ਇੱਕ ਟੋਅ ਟਰੱਕ ‘ਤੇ ਲੈ ਜਾਈ ਜਾ ਰਹੀ ਸੀ, ਜਦੋਂ ਇਸ ਵਿੱਚ ਅਚਾਨਕ ਅੱਗ ਲੱਗ ਗਈ ਤੇ ਤੁਰੰਤ ਇਸਨੂੰ ਟੋਅ ਟਰੱਕ ਤੋਂ ਉਤਾਰਿਆ ਗਿਆ। ਘਟਨਾ ਸਵੇਰੇ 9.30 ਵਜੇ ਦੇ ਕਰੀਬ ਦੀ ਹੈ, ਮੌਕੇ ‘ਤੇ ਫਾਇਰ ਵਿਭਾਗ ਦੇ 2 ਟਰੱਕ ਵੀ ਪੁੱਜੇ ਦੱਸੇ ਜਾ ਰਹੇ ਹਨ, ਜਿਨ੍ਹਾਂ ਵਲੋਂ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ ਨੂੰ ਬੁਝਾਇਆ ਗਿਆ। ਟ੍ਰੈਫਿਕ ਬੰਦ ਕੀਤੇ ਜਾਣ ਕਾਰਨ ਹਾਦਸੇ ਵਾਲੀ ਥਾਂ ਤੋਂ ਕਾਰਾਂ ਦੀਆਂ 5 ਕਿਲੋਮੀਟਰ ਲੰਬੀਆਂ ਲਾਈਨਾਂ ਦੇਖਣ ਨੂੰ ਮਿਲੀਆਂ, ਜਾਹਿਰ ਤੌਰ ‘ਤੇ ਇਸ ਕਾਰਨ ਹਜਾਰਾਂ ਦੀ ਗਿਣਤੀ ਵਿੱਚ ਯਾਤਰੀ ਪ੍ਰਭਾਵਿਤ ਹੋਏ ਹਨ।

KWALITY
MINI BAZAAR
Store’s Name and address:
1. Kwality Mini Bazaar Papatoetoe
286 Great South Road, Papatoetoe, Auckland -2025
2. Kwality Mini Bazaar Botany
5/2 Bishop Dunn Place, Flat Bush, Auckland - 2013
3. Kwality Mini Bazaar Manurewa
88F Great South Road, Takanini- 2112
4. Kwality Mini Bazaar Papakura
305 Great South Road, Takanini, Auckland - 2112
ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ
KWALITY
MINI BAZAAR
PATOETOE
PAPAKURA
MANUREWA

GOLIAN
Consultants
Immigration Specialists
since 1988.
Contact us for:
* Business Visa Assessment
* Skilled Work Visa Assessment
*Student Visa Assessment
Level 1, 3 Campbell Road,
Royal Oak, Auckland
NEW ZEALAND
Email: golian@golian.co.nz
Phone: 021 624 120, 096 241 204

# ਸਨੈਕ ਅਤੇ ਚਟਨੀਆਂ ਬਣਾਉਣ ਦੇ ਢੰਗ







## 01 ਲਾਲ ਸੱਸ (ਸਮੱਗਰੀ)

| | | |
|---|---|---|
| ਲਾਲ ਟਮਾਟਰ | : | 1 ਕਿਲੋ |
| ਖੰਡ | : | 1/2 ਚਮਚਾ |
| ਕੱਟਿਆ ਹੋਇਆ ਪਿਆਜ਼ | : | 1/2 ਚਮਚਾ |
| ਤੇਲ | : | 1ਵੱਡਾ ਚਮਚਾ |
| ਕੱਟੀ ਹੋਈ ਹਰੀ ਮਿਰਚ | : | 1/4 ਚਮਚਾ |
| ਲਾਲ ਮਿਰਚ | : | 1/2 ਚਮਚਾ |
| ਨਮਕ | : | ਸਵਾਦ ਮੁਤਾਬਿਕ |

**ਢੰਗ-ਤਰੀਕਾ** : ਉੱਬਲਦੇ ਪਾਣੀ ਵਿਚ ਟਮਾਟਰ ਪਾਵੋ, 2 ਮਿੰਟ ਬਾਦ ਬਾਹਰ ਕੱਢ ਲਵੋ। ਕੜਾਹੀ ਵਿਚ ਤੇਲ ਗਰਮ ਕਰਕੇ ਪਿਆਜ਼ ਤੇ ਹਰੀ ਮਿਰਚ ਭੁੰਨੋ। ਲਾਲ ਮਿਰਚ, ਖੰਡ, ਟਮਾਟਰ ਤੇ ਨਮਕ ਮਿਲਾਕੇ ਕੁੱਝ ਦੇਰ ਪਕਾ ਲਵੋ। ਜੇਕਰ ਚਾਹੋ ਤਾਂ ਇਸਨੂੰ ਮਿਕਸਰ ਵਿਚ ਪੀਸ ਸਕਦੇ ਹੋ।

## 02 ਹਰੀ ਸੱਸ (ਸਮੱਗਰੀ)

| | | |
|---|---|---|
| ਸ਼ਿਮਲਾ ਮਿਰਚ | : | 1 |
| ਮੈਦਾ | : | 2 ਚਮਚੇ |
| ਦੁੱਧ | : | 2 ਕੱਪ |
| ਮੱਖਣ | : | 2 ਚਮਚੇ |
| ਭੂਰੀ ਕਾਲੀ ਮਿਰਚ | : | 1/4 ਚਮਚਾ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : ਉੱਬਲਦੇ ਪਾਣੀ ਵਿਚ ਸ਼ਿਮਲਾ ਮਿਰਚ ਨੂੰ 2-3 ਮਿੰਟ ਰਿੰਨਕੇ ਬਾਹਰ ਕੱਢ ਲਵੋ। ਇਸਨੂੰ ਦੁੱਧ ਪਾਕੇ ਮਿਕਸਰ ਵਿਚ ਪੀਸ ਲਵੋ। ਕੜਾਹੀ ਵਿਚ ਮੱਖਣ ਨੂੰ ਗਰਮ ਕਰੋ, ਮੈਦਾ ਪਾਕੇ ਸਫੈਦ ਹੀ ਭੁੰਨੋ ਅਤੇ ਹੇਠਾਂ ਲਾਹ ਕੇ ਦੁੱਧ ਮਿਲਾਵੋ। ਗਾੜ੍ਹਾ ਹੋਣ ਤੱਕ ਪਕਾਵੋ। ਨਮਕ ਤੇ ਕਾਲੀ ਮਿਰਚ ਪਾਕੇ ਉਤਾਰ ਲਵੋ।

## 03 ਮਾਉਨੀਜ (ਅੰਡੇ ਤੋਂ ਬਿਨਾਂ) (ਸਮੱਗਰੀ)

| | | |
|---|---|---|
| ਮੈਦਾ | : | 1 ਵੱਡਾ ਚਮਚਾ |
| ਕਰੀਮ | : | 1/2 ਕੱਪ |
| ਤੇਲ | : | 2 ਵੱਡੇ ਚਮਚਾ |
| ਨਿੰਬੂ ਦਾ ਰਸ | : | 1 ਛੋਟਾ ਚਮਚਾ |
| ਦੁੱਧ | : | 1/2 ਕੱਪ (ਲੋੜ ਅਨਸਾਰ) |
| ਰਾਈ ਪੀਸੀ ਹੋਈ | : | 2 ਚਮਚੇ |
| ਖੰਡ | : | 1 ਛੋਟਾ ਚਮਚਾ |
| ਨਮਕ, ਭੂਰੀ ਕਾਲੀ ਮਿਰਚ | : | 1/4+1/4 ਚਮਚਾ |

**ਢੰਗ-ਤਰੀਕਾ** : ਪੈਨ ਵਿਚ ਤੇਲ ਗਰਮ ਕਰੋ ਮੈਦਾ ਪਾਕੇ ਹਲਕਾ ਭੂਰਾ ਹੋਣ ਤੋਂ ਪਹਿਲਾਂ ਲਾਹ ਲਵੋ। ਹੌਲੀ-ਹੌਲੀ ਦੁੱਧ ਪਾਕੇ ਮਿਲਾਉਂਦੇ ਰਹੋ। ਉਬਾਲਾ ਆਉਣ ਤੱਕ ਫੇਰ ਪਕਾਵੋ ਅਤੇ ਗਾੜ੍ਹਾ ਹੋ ਜਾਣ ਤੇ ਲਾਹ ਲਵੋ। ਠੰਡਾ ਹੋਣ ਤੇ ਨਿੰਬੂ ਦਾ ਰਸ ਮਿਲਾਕੇ ਬੀਟ ਕਰੋ। ਇਸਨੂੰ ਕੁੱਝ ਦਿਨ ਬਾਦ ਵਿਚ ਵਰਤਨ ਲਈ ਫਰਿੱਜ਼ ਵਿਚ ਵੀ ਰੱਖਿਆ ਜਾ ਸਕਦਾ ਹੈ।







## 04 ਕਾਸ਼ੀਫਲ ਦਾ ਰਾਇਤਾ (ਸਮੱਗਰੀ)

| | | |
|---|---|---|
| ਤਾਜ਼ਾ ਦਹੀ | : | 250 ਗ੍ਰਾਮ |
| ਸਰੋਂ | : | 1/4 ਚਮਚਾ |
| ਸੀਤਾਫ਼ਲ | : | 250 ਗ੍ਰਾਮ |
| ਕਰੀ ਪੱਤਾ | : | 5-6 |
| ਕੱਟੀ ਹੋਈ ਹਰੀ ਮਿਰਚ | : | 1/4 ਚਮਚਾ |
| ਸਾਬਤ ਲਾਲ ਮਿਰਚ | : | 2 |
| ਨਮਕ | : | ਸਵਾਦ ਮੁਤਾਬਿਕ |

**ਢੰਗ-ਤਰੀਕਾ** : ਦਹੀ ਨੂੰ ਚੰਗੀ ਤਰ੍ਹਾਂ ਫੈਂਟ ਲਵੋ ਅਤੇ ਨਮਕ ਮਿਲਾਵੋ। ਸੀਤਾਫ਼ਲ ਦਾ ਛਿਲਕਾ ਲਾਹਕੇ ਮੋਟਾ ਕੱਦੂਕਸ਼ ਕਰ ਲਵੋ। ਉੱਬਲਦੇ ਪਾਣੀ ਵਿਚ ਛਾਲਣ... ਰੱਖਕੇ ਸਟੀਮ ਕਰ ਲਵੋ। ਬਾਹਰ ਕੱਢਕੇ ਨਿਚੋੜੋ ਅਤੇ ਠੰਡਾ ਕਰਕੇ ਦਹੀ ਵਿਚ ਮਿਲਾ ਦੇਵੋ।

ਤੜਕਾ : ਕੜਾਹੀ ਵਿਚ ਇਕ ਚਮਚਾ ਤੇਲ ਗਰਮ ਕਰੋ। ਸਰੋਂ ਪਾਕੇ ਚਟਕਾ ਲਵੋ, ਹੁਣ ਲਾਲ ਮਿਰਚ ਤੇ ਕਰੀ ਪੱਤੇ ਪਾ ਦੇਵੋ। ਰੰਗ ਬਦਲਦੇ ਹੀ ਹੇਠਾਂ ਲਾਹ ਕੇ ਦਹੀ ਪਾਵੋ ਅਤੇ ਢਕ ਦੇਵੋ।

## 05 ਨਵਾਬੀ ਰਾਇਤਾ (ਸਮੱਗਰੀ)

| | | |
|---|---|---|
| ਕੱਟਿਆ ਖੀਰਾ | : | 1/4 ਕੱਪ |
| ਕੱਟੀ ਹੋਈ ਨਾਸਪਸਤੀ | : | 1/4 ਕੱਪ |
| ਕੱਟਿਆ ਹੋਇਆ ਟਮਾਟਰ | : | 1/4 ਕੱਪ |
| ਕੱਟਿਆ ਹੋਇਆ ਪੁਦੀਨਾ | : | 1 ਚਮਚਾ |
| ਕੱਟਿਆ ਹੋਇਆ ਸੇਬ | : | 1/4 ਕੱਪ |
| ਭੁੰਨਿਆ ਪੀਸਿਆ ਜ਼ੀਰਾ | : | 1 ਚਮਚਾ |
| ਕੱਟਿਆ ਹੋਇਆ ਅਨਾਨਾਸ | : | 1/4 ਕੱਪ |
| ਕੱਟਿਆ ਹੋਇਆ ਪਿਆਜ਼ | : | 1/4 ਕੱਪ |
| ਗਾੜ੍ਹਾ ਤਾਜ਼ਾ ਦਹੀ | : | 1 ਵੱਡਾ ਚਮਚਾ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : ਖੀਰੇ ਅਤੇ ਟਮਾਟਰ ਦਾ ਗੁੱਦਾ ਕੱਢ ਦੇਵੋ। ਸਾਰੀਆਂ ਸਬਜ਼ੀਆਂ ਤੇ ਫ਼ਲ ਚੌਰਸ ਕੱਟ ਲਵੋ। ਪੁਦੀਨੇ ਦੇ ਪੱਤੇ ਹੱਥਾ ਨਾਲ ਭੂੰਗ ਲਵੋ। ਦਹੀ ਨੂੰ ਫੈਂਟ ਕੇ ਮੁਲਾਇਮ ਕਰੋ। ਨਮਕ, ਮਿਰਚ ਤੇ ਜ਼ੀਰਾ ਪਾਕੇ ਮਿਲਾਵੋ। ਬਾਊਲ ਵਿਚ ਪਾਕੇ ਸਜਾਵਟ ਦੇ ਲਈ ਥੋੜਾ ਜਿਹਾ ਜ਼ੀਰਾ, ਲਾਲ ਮਿਰਚ ਤੇ ਪੁਦੀਨਾ ਪਾਕੇ ਪਰੋਸੋ। ਦਹੀ ਠੰਡਾ ਇਸਤੇਮਾਲ ਕਰੋ।

## 06 ਰਾਇਤਾ ਰੰਗ-ਬਰੰਗਾ (ਸਮੱਗਰੀ)

| | | |
|---|---|---|
| ਤਾਜ਼ਾ ਦਹੀ | : | 1/2 ਕਿਲੋ |
| ਪੁਦੀਨਾ ਪਾਊਡਰ | : | 1/2 ਚਮਚਾ |
| ਕੱਟਿਆ ਹੋਇਆ ਖੀਰਾ | : | 1/2 ਕੱਪ |
| ਕੱਟਿਆ ਹੋਇਆ ਪਿਆਜ਼ | : | 1/2 ਕੱਪ |
| ਲਾਲ ਮਿਰਚ | : | 1/4 ਕੱਪ |
| ਖੰਡ | : | 1 ਛੋਟਾ ਚਮਚਾ |
| ਕੱਟਿਆ ਹੋਇਆ ਟਮਾਟਰ | : | 1/4 ਕੱਪ |
| ਨਮਕ | : | ਸਵਾਦ ਅਨੁਸਾਰ |
| ਕੱਟਿਆ ਹੋਇਆ ਧਨੀਆਂ | : | 1 ਚਮਚਾ |
| ਕਾਲੀ ਮਿਰਚ | : | 1/2 ਚਮਚਾ |

**ਢੰਗ-ਤਰੀਕਾ** : ਸਾਰੀਆਂ ਸਬਜ਼ੀਆਂ ਅਤੇ ਫਲ ਛੋਟੇ-ਛੋਟੇ ਕੱਟਕੇ ਮਿਲਾ ਲਵੋ। ਦਹੀ ਨੂੰ ਚੰਗੀ ਤਰ੍ਹਾ ਫੈਂਟ ਲਵੋ। ਨਮਕ ਤੇ ਖੰਡ ਮਿਲਾ ਦੇਵੋ। ਸਾਰਾ ਕੱਟਿਆ ਹੋਇਆ ਸਾਮਾਨ ਮਿਲਾਕੇ ਬਾਊਲ ਵਿਚ ਪਾ ਲਵੋ ਅਤੇ ਠੰਡਾ ਹੋਣ ਲਈ ਰੱਖ ਦੇਵੋ। ਪਰੋਸਦੇ ਸਮੇਂ ਲਾਲ ਮਿਰਚ, ਕਾਲੀ ਮਿਰਚ, ਜ਼ੀਰਾ, ਪੁਦੀਨਾ ਪਾਊਡਰ ਪਾਕੇ ਸਜਾਵੋ।










# WHITE ROSE BUILDERS

*We do not build houses, We create homes...*

*Proudly Celebrating*

## 20 Years in Business



DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED